# ਬਿਨ ਸਿਰਲੇਖ

ਮਲਵਿੰਦਰ

# ਬਿਨ ਸਿਰਲੇਖ

ਕਵਿਤਾਵਾਂ

*ਇਸੇ ਕਲਮ ਤੋਂ*

* ਗ਼ੈਰਹਾਜ਼ਰ ਪੈੜਾਂ ਦੀ ਕਥਾ (ਕਵਿਤਾ)
* ਕਾਇਆ ਦੇ ਹਰਫ਼ (ਕਵਿਤਾ)

**Bin Sirlekh** **(Poetry)**

**by :** ***Malwinder*** ©
195, Guru Amardas Avenue, Lane No. 12
Airport Road, Amritsar-143001
Mobile : 98720-42344

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਪਤਨੀ

ਬਲਵਿੰਦਰ

ਅਤੇ

ਬੇਟੇ

ਵਿਕਰਾਂਤ

ਦੇ ਨਾਂ

# ਤਰਤੀਬ


| | |
|---|---|
| ਮੈਂ ਤੇ ਮੇਰੀ ਕਵਿਤਾ | 9 |
| ਕਵਿਤਾ ਦੀ ਨਿਸ਼ਾਨਦੇਹੀ | 11 |
| ਕੰਮ ਵਾਲੀਆਂ | 12 |
| ਅੱਜ | 19 |
| ਕਠਿਨ ਫ਼ੈਸਲਾ | 20 |
| ਖ਼ਲਾਅ | 21 |
| ਸੁੰਝ | 22 |
| ਕਵਿਤਾ ਦੀ ਮੌਤ | 23 |
| ਪਰਿਭਾਸ਼ਾ | 24 |
| ਐਨਾਕੌਂਡਾ | 25 |
| ਸ਼ਰਾਰਤੀ ਬੱਚੇ | 26 |
| ਅਧਿਆਪਕ | 27 |
| ਬੱਚਾ | 30 |
| ਮੁਸਕਰਾਹਟ | 32 |
| ਬਸੰਤ | 30 |
| ਕ੍ਰਿਸ਼ਨਾ | 32 |
| ਜ਼ੀਰੋ | 42 |
| ਜਾਪਾਨੀ ਕਵਿਤਾ ਦੇ ਸਾਥ 'ਚ | 43 |
| ਭੈਅ 'ਚ ਜਿਊਂਦਾ ਬੰਦਾ | 45 |
| ਮੌਨ ਹੋ ਜਾਉ | 48 |
| ਰੌਸ਼ਨ ਛਿਣ | 49 |

| | |
|---|---|
| ਬਿਨ ਸਿਰਲੇਖ | 50 |
| ਸੈਰ ਕਰਦਿਆਂ | 53 |
| ਨਵਾਂ ਸਭਿਆਚਾਰ | 54 |
| ਤੁਸੀਂ ਬਿਹਤਰ ਹੋ | 55 |
| ਕਵਿਤਾ ਦਾ ਫ਼ਿਕਰ | 56 |
| ਕਾਵਿ-ਕਿਤਾਬ | 57 |
| ਆਨੰਦ ਦੇ ਦੋ ਨਕਸ਼ | 58 |
| ਪਾਣੀ | 59 |
| ਦੋਸਤੀ ਦੇ ਨਵੇਂ ਮੁਹਾਂਦਰੇ ਨੂੰ | 61 |
| ਪੁਰਖਿਆਂ ਬਗੈਰ | 65 |
| ਸ਼ਾਮ ਢਲੇ | 67 |
| ਦੋ ਦਿਨ | 69 |
| ਟੀਸ | 71 |
| ਵਿਸਥਾਰ | 72 |
| ਬਦਲਦੇ ਮੁਹਾਂਦਰੇ | 73 |
| ਵਿਕਾਸ ਦੇ ਰੰਗ | 75 |
| ਮੈਂ ਨਹੀਂ ਪਰਤਾਂਗਾ | 77 |
| ਬੀਬੇ ਸ਼ਬਦ | 78 |
| ਪਸੀਨੇ ਦਾ ਸਫ਼ਰ | 79 |
| ਕਵਿਤਾ ਦੀ ਪੱਤਝੜ | 80 |
| ਉਹ ਤੇ ਕੁਦਰਤ | 81 |
| ਬੇਲੋੜੀ ਵਸਤੂ | 82 |
| ਕਾਹਲ ਨਾ ਕਰੋ | 83 |

ਕਾਇਆ ਦੇ ਹਰਫ਼ 84
ਚਿੜੀ ਦੇ ਅਰਥ 86
ਕੁੱਤਾ ਕੁੜੀ ਮੋਬਾਇਲ 87
ਜਲ ਤੋਂ ਸੁੱਚਾ ਕੌਣ 88
ਸ਼ਬਦ ਰਹਿਤ ਪਰਿਭਾਸ਼ਾ 90
ਖੁੱਲ੍ਹੀਆਂ ਕਵਿਤਾਵਾਂ 91
ਸੰਘਰਸ਼ ਦੇ ਅਰਥ 94
ਕਵਿਤਾ ਦਾ ਮੁਹਾਂਦਰਾ 96
ਖ਼ਬਰ ਪੜ੍ਹਦਿਆਂ 97
ਮੇਰਾ ਸ਼ਹਿਰ 98
ਜਿੱਤ ਦਾ ਅਹਿਸਾਸ 101
ਤੀਆਂ 103
ਪੁਰਾਣੀਆਂ ਵਸਤਾਂ 105
ਪਿਤਾ—ਦੋ ਕਵਿਤਾਵਾਂ 107
ਲੰਬੀ ਛੁੱਟੀ ਜਾਣਾ ਚਾਹੁੰਦੀ... 110

—

# ਮੈਂ ਤੇ ਕਵਿਤਾ

ਮੇਰੇ ਲਈ ਕਵਿਤਾ ਲਿਖਣੀ ਜਿੰਨੀ ਸਹਿਜ ਹੈ, ਕਵਿਤਾ ਬਾਰੇ ਗੱਲ ਕਰਨੀ ਓਨੀ ਹੀ ਕਠਿਨ ਹੈ। ਉਂਝ ਕਵਿਤਾ ਮੇਰੇ ਲਈ ਤਣਾਅ ਤੋਂ ਮੁਕਤ ਹੋਣ ਦਾ ਵਸੀਲਾ ਹੈ। ਮੇਰੇ ਆਲੇ-ਦੁਆਲੇ ਹੋ ਵਾਪਰ ਰਿਹਾ ਸਾਰਾ ਕੁਝ ਮੇਰੀ ਕਵਿਤਾ ਦੇ ਸਰੋਕਾਰ ਹਨ। ਮੈਂ ਆਪਣੀ ਸਮਾਜਿਕਤਾ ਵਿਚੋਂ ਕਵਿਤਾ ਦੀ ਤਲਾਸ਼ ਕਰਦਾ ਹਾਂ। ਇਸੇ ਲਈ ਮੇਰੀ ਕਵਿਤਾ ਓਨਾ ਕੁ ਵਧ ਫੁਲ ਸਕੀ ਹੈ, ਜਿੰਨੀ ਕੁ ਮੇਰੀ ਸਮਾਜਿਕਤਾ।

ਤੰਗੀਆਂ-ਤੁਰਸ਼ੀਆਂ 'ਚ ਬੀਤੇ ਬਚਪਨ ਦੇ ਚੇਤੇ ਅਤੇ ਗ਼ੁਰਬਤ ਹੰਢਾਉਂਦਿਆਂ ਕੀਤਾ ਸੰਘਰਸ਼ ਸੁਖਾਵੇਂ ਦਿਨਾਂ 'ਚ ਮਾਣ-ਮੱਤਾ ਬਿਰਤਾਂਤ ਬਣ ਜਾਂਦਾ ਹੈ। ਮੇਰੇ ਚੇਤਿਆਂ 'ਚ ਇਹ ਉਹ ਵੇਲਾ ਹੈ, ਜਦੋਂ ਕਵਿਤਾ ਨਾਲ ਮੇਰੀ ਕੋਈ ਜਾਣ-ਪਛਾਣ ਜਾਂ ਸਾਂਝ ਨਹੀਂ ਸੀ। ਉਦੋਂ ਥੁੜਾਂ/ ਗਰਜਾਂ ਤੇ ਹੀਣ ਭਾਵਨਾ ਅੰਦਰ ਕਿਤੇ ਬੈਠੀਆਂ ਸਨ। ਬਚਪਨ ਦਾ ਇਹ ਹੀਣ ਭਾਵ ਕਈ ਵਰ੍ਹੇ ਤੁਹਾਡੇ ਨਾਲ ਤੁਰਦਾ ਹੈ। ਪਰ ਇਨ੍ਹਾਂ ਹੀ ਵੇਲਿਆਂ 'ਚ ਕਵਿਤਾ ਵੀ ਤੁਹਾਡੇ ਅੰਦਰ ਕਿਧਰੇ ਦੁਬਕੀ ਬੈਠੀ ਹੁੰਦੀ ਹੈ। ਕਿਸੇ ਚਮਤਕਾਰੀ ਮੋੜ 'ਤੇ ਇਹ ਕਵਿਤਾ ਜਾਗਦੀ ਹੈ। ਇਸ ਮੋੜ ਦੇ ਨਕਸ਼ ਜਾਂ ਸਬੱਬ ਹਰ ਸ਼ਾਇਰ ਲਈ ਵੱਖਰੇ ਹੋ ਸਕਦੇ ਹਨ। ਵੱਖ-ਵੱਖ ਸ਼ਾਇਰਾਂ ਦੁਆਰਾ ਰਚੀ ਕਵਿਤਾ ਦੇ ਕਈ ਮੁਹਾਂਦਰੇ ਹਨ। ਮੈਂ ਕਿਹੋ ਜਿਹੀ ਕਵਿਤਾ ਰਚੀ ਹੈ ? ਇਸ ਸਵਾਲ ਦੇ ਰੂਬਰੂ ਹੁੰਦਿਆਂ ਮੈਨੂੰ ਆਪਣੀ ਪਹਿਲੀ ਪੁਸਤਕ 'ਗ਼ੈਰ ਹਾਜ਼ਰ ਪੈੜਾਂ ਦੀ ਕਥਾ' ਯਾਦ ਆਉਂਦੀ ਹੈ। ਬਚਪਨ ਦੀਆਂ ਤੰਗੀਆਂ ਤੋਂ ਬਾਅਦ ਸ਼ੁਰੂ ਹੁੰਦਾ ਹੈ ਬੇਕਾਰੀ ਦਾ ਦੌਰ। ਅਜਿਹੇ ਸਮੇਂ ਬਹੁਤ ਸਾਰੇ ਸਮਾਜਿਕ, ਰਾਜਨੀਤਕ ਵਰਤਾਰੇ ਤੁਹਾਨੂੰ ਤੰਗ ਤੇ ਪ੍ਰੇਸ਼ਾਨ ਕਰਦੇ ਹਨ। ਇਕ ਤਣਾਅ ਤੁਹਾਡੇ ਅੰਗ-ਸੰਗ ਰਹਿੰਦਾ ਹੈ। ਇਸ ਪੁਸਤਕ ਵਿਚ ਅਜਿਹੇ ਵਰਤਾਰਿਆਂ ਪ੍ਰਤੀ ਖਿਝ 'ਚੋਂ ਪੈਦਾ ਹੋਈ ਪ੍ਰਗਤੀਵਾਦੀ ਸੁਰ ਵਾਲੀ ਵਿਚਾਰਧਾਰਕ ਕਵਿਤਾ ਹੈ। ਇਸ ਪੁਸਤਕ ਦੀ ਹੋਈ ਚਰਚਾ ਨਾਲ ਮੇਰੀ ਸਿਰਜਣਾ ਨੂੰ ਹੁਲਾਰਾ ਮਿਲਦਾ ਹੈ। ਮੈਂ ਬਹੁਤ ਸਾਰੇ ਦੋਸਤਾਂ ਦੀਆਂ ਸ਼ਾਇਰੀ ਦੀਆਂ ਕਿਤਾਬਾਂ ਪੜ੍ਹਦਾ ਹਾਂ। ਕਵਿਤਾ ਪ੍ਰਤੀ ਸੋਝੀ ਵਧਦੀ ਹੈ। ਸਿਰਜਣਾ ਹਰ ਵੇਲੇ ਮੇਰੇ ਅੰਗ ਸੰਗ ਹੋ ਤੁਰਦੀ ਹੈ। ਮੇਰਾ ਥੁੜਾਂ

ਮਾਰਿਆ ਬਚਪਨ, ਘਰ, ਰਿਸ਼ਤੇ, ਗੁਰਬਤ, ਸੰਘਰਸ਼ ਅਤੇ ਨਿਤਾ-ਪ੍ਰਤੀ ਵਿਵਹਾਰ, ਸਮਾਜਿਕ ਸਰੋਕਾਰ ਮੇਰੀ ਕਵਿਤਾ ਵਿਚ ਆ ਵਿਦਮਾਨ ਹੁੰਦੇ ਹਨ। ਇੰਝ ਮੇਰੀ ਦੂਸਰੀ ਪੋਥੀ 'ਕਾਇਆ ਦੇ ਹਰਫ਼' ਦਾ ਆਗਮਨ ਹੁੰਦਾ ਹੈ। ਕਵਿਤਾ ਮੇਰੇ ਹੋਰ ਨੇੜੇ ਹੋ ਜਾਂਦੀ ਹੈ। ਮੈਂ ਆਪਣੀ ਕਵਿਤਾ ਨੂੰ ਸਮਕਾਲੀ ਕਵਿਤਾ ਦੇ ਅੰਗ-ਸੰਗ ਰੱਖ ਕੇ ਪਰਖਦਾ ਹਾਂ। ਕਵਿਤਾ ਪ੍ਰਤੀ ਮੇਰੀ ਸੋਝੀ ਵਧਣ ਨਾਲ ਮੇਰੀ ਕਵਿਤਾ ਹਾਸ਼ੀਏ 'ਤੇ ਤੁਰੀ ਜਾਂਦੀ ਹੈ। ਮੈਨੂੰ ਆਪਣੀ ਸੀਮਾ ਦਾ ਅਹਿਸਾਸ ਹੁੰਦਾ ਹੈ। ਮੇਰੀ ਹੁਣ ਤਕ ਦੀ ਕਵਿਤਾ ਮੇਰੀ ਸੀਮਾ ਅੰਦਰਲੀ ਕਾਵਿਕ ਸੂਝ ਦਾ ਹੀ ਪ੍ਰਗਟਾਵਾ ਹੈ। ਸਮਕਾਲੀ ਦੋਸਤਾਂ ਦੀ ਕਵਿਤਾ ਦਾ ਸਤਿਕਾਰ ਕਰਦਾ ਹਾਂ ਅਤੇ ਹੋਰ ਬਿਹਤਰ ਲਿਖਣ ਲਈ ਅਧਿਐਨ-ਮੂਲਕ ਵਿਧੀ ਦਾ ਸਹਾਰਾ ਲੈਂਦਾ ਹਾਂ। ਕਵਿਤਾ ਨਾਲ ਮੇਰੀ ਨਿਰੰਤਰਤਾ ਹੀ ਮੇਰੇ ਲਈ ਮਾਣ ਵਾਲੀ ਗੱਲ ਹੈ। ਇਸੇ ਨਿਰੰਤਰਤਾ 'ਚੋਂ ਹੁਣ ਤੀਜੀ ਕਾਵਿ-ਪੋਥੀ 'ਬਿਨ ਸਿਰਲੇਖ' ਲੈ ਫੇਰ ਤੁਹਾਡੇ ਸਨਮੁਖ ਹਾਂ। ਮੈਂ ਇਸ ਕਵਿਤਾ ਬਾਰੇ ਤੁਹਾਡੇ ਨਾਲ ਕੋਈ ਦਾਅਵਾ ਨਹੀਂ ਕਰਨਾ। ਇਸ ਪੋਥੀ ਨੂੰ ਪੜ੍ਹਦਿਆਂ ਜੇ ਤੁਹਾਨੂੰ ਲੱਗੇ ਕਿ ਮੈਂ ਆਪਣੀ ਕਵਿਤਾ ਦੇ ਅਗਲੇ ਪੜਾਅ 'ਤੇ ਖਲੋਤਾ ਲੱਭਦਾ ਹਾਂ ਤਾਂ ਇਹ ਮਾਣ-ਮੱਤਾ ਛਿਣ ਮੇਰੇ ਨਾਲ ਸਾਂਝਾ ਜ਼ਰੂਰ ਕਰਿਓ। ਮੈਂ ਤੁਹਾਡੇ ਹੁੰਗਾਰੇ ਦੀ ਉਡੀਕ ਕਰਾਂਗਾ।

***-ਮਲਵਿੰਦਰ***

# ਕਵਿਤਾ ਦੀ ਨਿਸ਼ਾਨਦੇਹੀ

ਮੈਂ ਕਵਿਤਾ ਲਿਖਣ ਲਈ
ਬਾਹਰ ਵੇਖਦਾ ਹਾਂ
ਬਾਹਰ ਧੁੱਪ ਹੈ
ਵਗ ਰਹੀ ਹਵਾ 'ਚ
ਹਿੱਲ ਰਹੇ ਬਿਰਖਾਂ ਦੇ ਪੱਤੇ ਨੇ
ਪੰਛੀਆਂ ਦੀਆਂ ਆਵਾਜ਼ਾਂ ਹਨ
ਮੈਂ ਸੰਘਣੇ ਬਿਰਖਾਂ ਦੀ ਰੌਣਕ 'ਚੋਂ
ਪੰਛੀਆਂ ਦੇ ਆਲ੍ਹਣੇ ਤੱਕਦਾ ਹਾਂ
ਪੰਛੀਆਂ ਦੀਆਂ ਆਵਾਜ਼ਾਂ 'ਚੋਂ
ਉਨ੍ਹਾਂ ਦੇ ਵਿਵਹਾਰ 'ਚੋਂ
ਜੀਵਨ ਦਾ ਫ਼ਲਸਫ਼ਾ ਢੂੰਡਦਾ ਹਾਂ
ਧੁੱਪ ਤੇ ਹਵਾ ਕੋਲੋਂ ਜਾਨਣਾ ਚਾਹੁੰਦਾ ਹਾਂ
ਜੀਵਨ ਦਾ ਰਹੱਸ
ਚਾਹੁੰਦਾ ਹਾਂ ਮੇਰੀ ਕਵਿਤਾ ਵਿਚਲੀ ਨਫ਼ਰਤ
ਧੁੱਪ ਵਿਚ ਸੁੱਕ ਜਾਵੇ
ਹਵਾ ਨਾਲ ਉੱਡ ਜਾਵੇ
ਜਾਂ ਪੀਲੇ ਪੱਤਿਆਂ ਵਾਂਗ ਝੜ ਕੇ
ਮਿੱਟੀ ਹੋ ਜਾਵੇ
ਮੈਂ ਨਿੱਘ ਨਾਲ ਭਰੀ ਕਵਿਤਾ
ਲਿਖਣੀ ਚਾਹੁੰਦਾ ਹਾਂ
ਤੇ ਮੈਂ ਸ਼ਾਇਦ ਜਾਣ ਗਿਆ ਹਾਂ
ਅਜਿਹੀ ਕਵਿਤਾ ਮਨੁੱਖ ਕੋਲੋਂ ਨਹੀਂ
ਪੰਛੀਆਂ, ਬਿਰਖਾਂ ਤੇ ਹਵਾ ਕੋਲੋਂ ਮਿਲ ਸਕਦੀ ਹੈ

ਮੈਂ ਕਵਿਤਾ ਦੀਆਂ ਬਰੂਹਾਂ ਦੀ
ਸਹੀ ਨਿਸ਼ਾਨਦੇਹੀ ਕਰ ਲਈ ਹੈ

—

## ਕੰਮ ਵਾਲੀਆਂ

ਪਰਤ ਗਈਆਂ ਕੰਮ ਵਾਲੀਆਂ
ਹੂੰਝ ਗਈਆਂ ਹਨੇਰੀ ਦਾ ਖਿਲਾਰਾ
ਸੁੰਭਰ ਗਈਆਂ ਘਰ
ਨਾਲ ਆਇਆ ਨਿੱਕਾ ਬਾਲ
ਪਰਚਿਆ ਰਿਹਾ ਬਿਸਕੁਟਾਂ ਨਾਲ
ਮੁੱਕੀ ਝਿਜਕ ਤੋਂ ਬਾਅਦ
ਕਰਦਾ ਰਿਹਾ ਖੁੱਲ੍ਹੀਆਂ ਗੱਲਾਂ
ਮਾਸੂਮ ਜਿਹੇ ਸੰਵਾਦ ਉਸ ਦੇ
ਸਭ ਤੋਂ ਖ਼ੂਬਸੂਰਤ ਲੱਗੇ
ਜਦ ਬੋਲੇ ਉਸ
ਤੋਤਲੇ ਬੋਲ
ਵੱਡਾ ਹੋਵੇਗਾ
ਹੂੰਝੇਗਾ ਗ਼ੁਰਬਤ ਘਰ ਦੇ ਵਿਹੜੇ ਦੀ
ਪਾਏਗਾ ਮੁੱਲ ਕਿਰਤੀ ਮਾਂ ਦੀ ਕਿਰਤ ਦਾ
ਲੋਕਾਂ ਦੇ ਘਰ ਦੀ ਜੂਠ ਨਹੀਂ ਮਾਂਜੇਗੀ
ਆਪਣੇ ਹੀ ਘਰ ਨੂੰ ਸੁਭਰੇਗੀ
ਇਹੀ ਸੁਪਨਾ ਤੇ ਆਸ ਹੈ ਉਸ ਕੋਲ
ਸੁਪਨੇ ਨੂੰ ਉਂਗਲ ਲਾਈ
ਉਹ ਧਰਤੀ ਦੀ ਪ੍ਰਕਰਮਾ ਕਰਦੀ
-0-
ਪਿੰਡਾਂ ਵੱਲੋਂ
ਸਵੇਰੇ ਆਉਂਦੀਆਂ ਬੱਸਾਂ 'ਚੋਂ
ਉਤਰਦੀਆਂ ਨੇ ਧਾੜਾਂ
ਕਿਰਤੀ ਔਰਤਾਂ ਦੀਆਂ
ਮਹਿੰਗੀਆਂ ਕੋਠੀਆਂ ਦਾ ਗੰਦ ਹੂੰਝਣ
ਮੱਲ ਲੈਂਦੀਆਂ ਕੋਠੀਆਂ

ਜੂਝ ਜਾਂਦੀਆਂ ਕੰਮ 'ਚ
ਨਹੀਂ ਸੁਭਰੀਆਂ ਹੁੰਦੀਆਂ ਜਿਹੜੀਆਂ ਕੋਠੀਆਂ
ਉਨ੍ਹਾਂ ਦੇ ਮੋਬਾਇਲ ਖੜਕਦੇ
ਕਰਦੀਆਂ ਸੰਸੇ ਜ਼ਾਹਰ
ਜੇਕਰ ਕਰ ਗਈ ਅੱਜ ਛੁੱਟੀ
ਕੌਣ ਧੋਵੇਗਾ ਜੂਠ ਭਾਂਡਿਆਂ ਦੀ
ਕਿੰਝ ਲੱਗਣਗੇ ਪੋਚੇ
ਧੂੜ ਨਾਲ ਭਰਿਆ ਰਹੇਗਾ ਘਰ
ਪਰ ਉਹ ਪਹੁੰਚ ਹੀ ਜਾਂਦੀਆਂ
ਕਿਰਤੀ ਔਰਤਾਂ
ਸੁਖ ਦਾ ਸਾਹ ਲੈਂਦੀਆਂ ਮਾਲਕਣਾਂ
ਝੁਕ ਕੇ ਸਲਾਮ ਕਰਦੀਆਂ ਕੋਠੀਆਂ
ਸੰਗਮਰਮਰ, ਗੁਰਬਤ ਮੂਹਰੇ ਨਤਮਸਤਕ ਹੁੰਦਾ
-0-
ਕੰਮ ਵਾਲੀ ਦੇ ਬੋਝੇ 'ਚ
ਖੜਕਦਾ ਮੋਬਾਇਲ
ਕਦੀ ਕਿਸੇ ਕੋਠੀ ਵਾਲੀ ਦਾ ਸੰਦੇਸ਼
ਕਦੀ ਪੇਕਿਆਂ ਦਾ ਸੁਖ ਸੁਨੇਹਾ
ਸਵੇਰ ਵੇਲੇ
ਕੋਠੀ ਮੂਹਰੇ ਲਾਹ ਗਿਆ ਘਰ ਵਾਲਾ
ਕੋਠੀ-ਦਰ-ਕੋਠੀ ਘੁੰਮਦੀ ਨੂੰ
ਢਲ ਜਾਂਦੀ ਦੁਪਹਿਰ
ਕੰਮ ਤੋਂ ਵਿਹਲੀ ਹੋ
ਲੱਗ ਜਾਂਦੀ ਗੱਲੀਂ ਮਾਲਕਣ ਨਾਲ
ਕਰਦੀ ਦੁਖ-ਸੁਖ ਸਾਂਝਾ
ਮਾਰ ਲੈਂਦੀ ਗੱਪਾਂ ਚਾਰ
ਪੱਛੜ ਜਾਂਦੀ ਘਰ ਪਹੁੰਚਦਿਆਂ
ਸ਼ੱਕ ਕਰਦਾ ਪਤੀ

ਰਾਤ ਨੂੰ ਹੁੰਦਾ ਬੋਲ-ਬੁਲਾਰਾ
ਦਿਨੇ ਚੜ੍ਹ ਪੈਂਦਾ ਫਿਰ ਸੂਰਜ
ਫਿਰ ਤੁਰ ਪੈਂਦੀ ਕੰਮ ਨੂੰ
ਆਪਣੀ ਤੋਰ ਤੁਰਦੀ ਜਿਉਂ ਧਰਤੀ
ਇੰਝ ਪ੍ਰਕਰਮਾ ਕਰਦੀ ਗ਼ੁਰਬਤ
-0-
ਗਠਿਆ ਸਰੀਰ
ਹੱਥ ਮੂੰਹ ਲੱਗਦੀ
ਨਵੀਂ ਕੰਮ ਵਾਲੀ
ਪਹਿਲਾਂ ਪਲੋਸਦਾ ਬਜ਼ੁਰਗ ਮਾਲਕ
ਜਬਰਦਸਤੀ ਕਰਦਾ ਜਵਾਨ ਬੇਟਾ
ਬੇਬਸ ਔਰਤ
ਜਾਣਦੀ ਘਰ ਦੀ ਬੁਰੀ ਹਾਲਤ
ਸ਼ਰਾਬੀ ਪਤੀ ਦਾ ਕੋਝਾ ਵਿਵਹਾਰ
ਤੇੜੋਂ ਨੰਗੇ, ਢਿੱਡੋਂ ਭੁੱਖੇ
ਬਾਲਾਂ ਦਾ ਸੰਤਾਪ
ਜਰ ਲੈਂਦੀ ਸਭ ਕੁਝ
ਮਜ਼ਦੂਰੀ ਤੋਂ ਵੱਧ ਮਿਲਦੇ ਪੈਸੇ
ਸੌਖਾ ਹੋ ਜਾਂਦਾ ਹੱਥ
ਖ਼ੁਸ਼ ਰਹਿੰਦਾ ਪਤੀ ਵੀ
ਬਾਲਾਂ ਨੂੰ ਵੀ ਮਿਲਦੀ ਰੋਟੀ
ਘਰ ਦੀ ਗ਼ੁਰਬਤ ਦੇ ਮੇਚ ਆ ਜਾਂਦਾ
ਕਿਰਤ ਦਾ ਨਵਾਂ ਰੂਪ ਇਹ
ਵਿਸ਼ਵ ਮੰਡੀ 'ਚ ਚਰਚੇ ਇਸ ਦੇ
ਪੰਜ ਤਾਰਾ ਹੋਟਲਾਂ ਦੀ ਸ਼ਾਨ
-0-
ਸਭ ਕੁਝ ਬਰਦਾਸ਼ਤ ਕਰ ਲੈਂਦੀ ਮਾਲਕਣ
ਚਾਹ ਬਣਾ ਕੇ ਪਿਆਉਂਦੀ

ਵਧੀਆ ਖਾਣਾ ਵੀ ਪਰੋਸ ਦਿੰਦੀ
ਦੇ ਦਿੰਦੀ ਖੁੱਲ ਫ਼ਰਿਜ ਖੋਲ੍ਹਣ ਦੀ
ਠੰਡਾ ਪਾਣੀ ਪੀਣ ਦੀ
ਹੋਰ ਵੀ ਕਈ ਖੁੱਲ੍ਹਾਂ ਦੇ ਦਿੰਦੀ
ਨਿੱਕੀਆਂ-ਨਿੱਕੀਆਂ
ਕੋਠੀ ਦੇ ਮੇਚ ਆਉਂਦੀਆਂ
ਪਰ ਨਹੀਂ ਜਰ ਹੁੰਦਾ ਕੰਮ ਵਾਲੀ ਦਾ ਸਵੈਮਾਣ
ਸਵਾਲਾਂ ਦੇ ਜਵਾਬ ਦੇਣੇ
ਸਿਰਫ਼ ਲਤੀਫ਼ੇ ਹੀ ਬਰਦਾਸ਼ਤ ਹੁੰਦੇ
ਉਂਝ ਬੜਾ ਕੁਝ ਜਰ ਲੈਂਦੀ ਮਾਲਕਣ
ਪਰ ਨਹੀਂ ਬਰਦਾਸ਼ਤ ਹੁੰਦੀ ਅਵੱਗਿਆ
ਅਵੱਗਿਆ ਜੋ ਉਸ ਦੀ ਹੋਂਦ ਨੂੰ ਖੋਰਦੀ
-0-
ਕੰਮ ਵਾਲੀਆਂ ਔਰਤਾਂ
ਹਨੇਰਾ ਹੂੰਝਦੀਆਂ
ਸਾਰਾ ਚਾਨਣ ਗਿਰਵੀ ਨਾ ਧਰ ਆਉਂਦੀਆਂ
ਕੁਝ ਕੁ ਰੱਖਦੀਆਂ ਸਾਂਭ ਕੇ ਸਵੈਮਾਣ
ਸੀਮਾ ਉਲੰਘ ਗਏ ਕੋਝੇ ਵਿਵਹਾਰ ਨੂੰ
ਝਿੜਕ ਦੇਂਦੀਆਂ
ਉਤਰ ਆਉਂਦੀਆਂ ਬਗਾਵਤ 'ਤੇ
ਨਕਾਰ ਦੇਂਦੀਆਂ 'ਨੌਕਰੀਆਂ'
ਹੋਰ ਲੱਭ ਪੈਣਗੇ ਆਹਰ ਬਥੇਰੇ
ਲੋੜਵੰਦੀ ਦਾ ਵਰਤਾਰਾ ਦੋ-ਧਿਰੀ
ਅੱਜ ਅਸੀਂ ਵੀ ਲੋੜ ਤੁਹਾਡੀ
ਕਾਇਮ ਹੈ ਸਾਡਾ ਸਵੈਮਾਣ
ਸਵੈਮਾਣ ਦੇ ਸਿਰ 'ਤੇ ਜਿਊਂਦੀਆਂ ਗ਼ੁਰਬਤਾਂ
ਹਾਰ ਜਾਂਦਾ ਅਮੀਰ ਸ਼ਿਸ਼ਟਾਚਾਰ
-0-

ਮੈਂ ਉਸ ਨੂੰ ਜਹਾਜ਼ ਬਣਾ ਕੇ ਦਿੱਤਾ
ਪੁੱਠਾ ਕਰਕੇ ਜਹਾਜ਼
ਉਸ ਮੱਛੀ ਬਣਾ ਦਿੱਤੀ
ਤੋਤਲੀ ਕਲਪਨਾ ਨੇ ਪਾਸਾ ਪਰਤ ਕੇ
ਸਿਰਜ ਦਿੱਤੀ ਇਕ ਨਵੀਂ ਕਵਿਤਾ
ਹਵਾ 'ਚ ਉਡਾ ਦਿੱਤੀ
ਜਹਾਜ਼ ਕਦੀ ਮੱਛੀ ਬਣਦੀ
ਉੱਡਦੀ ਰਹੀ ਕਵਿਤਾ
ਗੂੰਜਦੇ ਰਹੇ ਕਹਿਕਹੇ
ਪਤਾ ਹੀ ਨਾ ਲੱਗਾ
ਕਦ ਪੋਚੇ ਲਾ ਕੇ ਵਿਹਲੀ ਹੋ ਗਈ ਮਾਂ
ਜਹਾਜ਼ ਕੱਛੇ ਮਾਰ ਮਾਂ ਨਾਲ ਤੁਰ ਗਿਆ
ਅਗਲੇ ਘਰ
ਆਪਣੀ ਉਡਾਣ ਦੀ ਬੁਲੰਦੀ 'ਤੇ ਸਵਾਰ
-0-
ਸਾਡੇ ਘਰ ਦਾ ਸੂਰਜ
ਉਸ ਦੀ ਡੋਰ-ਬੈੱਲ ਨਾਲ ਚੜ੍ਹਦਾ
ਨੀਂਦ ਨਾਲ ਸਿਥਲ ਹੋਇਆ ਘਰ
ਅੰਗੜਾਈ ਲੈਂਦਾ
ਜਾਗ ਪੈਂਦੀ ਰਸੋਈ
ਖੜ੍ਹਦ ਕਰਦੇ ਬਰਤਨ ਗੰਦੇ
ਰਸੋਈ ਦਾ ਸੰਗੀਤ
ਘਰ ਦੀਆਂ ਦੀਵਾਰਾਂ ਸੰਗ ਟਕਰਾਉਂਦਾ
ਕਿਰਤ ਦਾ ਬਿਗਲ ਵਜਾਉਂਦਾ
ਧੁਪ ਜਾਂਦੇ ਕੱਪੜੇ ਮੈਲੇ
ਖਿੜ ਜਾਂਦਾ ਉਦਾਸ ਸੰਗਮਰਮਰ
ਉਸਦੇ ਹੱਥਾਂ ਦੀ ਤਲਿੱਸਮੀ ਛੋਹ
ਸਾਕਾਰ ਕਰ ਜਾਂਦੀ ਕਿਰਤੀ ਰੂਹ

ਜਾਗ ਪੈਂਦੇ ਸੰਸੇ ਕਈ
ਜਵਾਨ ਬੇਟੇ ਦੇ ਅੰਗ ਨਿਹਾਰਦੀ ਨੂੰ
ਤਾੜਦੀ ਪਤਨੀ
ਉਸ ਦੀਆਂ ਛਾਤੀਆਂ
ਘੂਰਦੀ ਨਜ਼ਰ ਪਤੀ ਦੀ
ਬੇਚੈਨ ਕਰ ਜਾਂਦੀ ਘਰ
-0-
ਪਿੰਡ ਵਾਲੇ ਘਰ 'ਚ
ਗ਼ੁਰਬਤ ਸੀ
ਪਰ ਧੂੜ ਦੇ ਕਣਾਂ ਦਾ
ਤਣਾਅ ਨਹੀਂ ਸੀ
ਮਾਂ ਹੀ ਸਾਂਭਦੀ ਸੀ ਚੁੱਲ੍ਹਾ ਚੌਂਕਾ
ਸੁੰਭਰਦੀ ਸੀ ਕੱਚਾ ਵਿਹੜਾ
ਸਾਡੇ ਵਾਂਗ ਹੀ
ਜੂਠੇ ਭਾਂਡਿਆਂ ਲਈ
ਸਾਰਾ ਘਰ ਸੀ
ਬੇਤਰਤੀਬੀ ਹੀ ਘਰ ਦਾ ਸੁਹਜ ਸੀ
ਹੁਣ ਘਰ ਸੁੰਭਰਦੀ ਹੈ ਕੰਮ ਵਾਲੀ
ਤਣਾਅ ਹੰਢਾਉਂਦੀ ਹੈ ਮਾਲਕਣ
ਕਿਸੇ ਵੀ ਵਸਤ ਤੇ ਚਮਕਦੀ ਧੂੜ ਮਿੱਟੀ
ਸ਼ਾਮਤ ਬਣ ਜਾਂਦੀ ਕੰਮ ਵਾਲੀ ਦੀ
ਖਿਝ ਜਾਂਦੀ ਘਰ ਦੀ ਰਸੋਈ
ਵਿਕਸਿਤ ਸਮਿਆਂ ਦਾ
ਅਜੀਬ ਰਿਸ਼ਤਾ ਇਹ
ਤਣਾਅ ਪ੍ਰਤੀ ਤਣਾਅ ਬਣਦਾ ਜਾ ਰਿਹਾ
-0-
ਘਰਾਂ 'ਚ ਕੰਮ ਕਰਦੀਆਂ ਔਰਤਾਂ
ਬੜਾ ਕੁਝ ਸਿੱਖ ਜਾਂਦੀਆਂ

ਕੋਠੀਆਂ ਦਾ ਸ਼ਿਸ਼ਟਾਚਾਰ
ਅੰਗਰੇਜ਼ੀ ਦੇ ਸ਼ਬਦ ਦੋ-ਚਾਰ
ਲਿੰਬਿਆ ਪੋਚਿਆ ਵਿਵਹਾਰ
ਆਪਣੇ ਘਰ 'ਚ ਪ੍ਰਯੋਗ ਕਰਦੀਆਂ
ਥੋੜ੍ਹੀ ਜਿਹੀ ਸੁਧਰ ਜਾਂਦੀ ਤਰਤੀਬ
ਸਕੂਲ ਜਾਣ ਲੱਗ ਜਾਂਦੇ ਬੱਚੇ
ਬਸਤਿਆਂ ਦਾ ਫ਼ਿਕਰ ਕਰਦੀਆਂ ਮਾਵਾਂ
ਹੌਲੀ-ਹੌਲੀ ਕਰਵਟ ਲੈਂਦਾ ਸਮਾਂ
ਸਲੱਮ ਬਸਤੀਆਂ ਸੱਤਾ ਹਥਿਆਉਂਦੀਆਂ
ਸਦੀਆਂ ਦੀ ਗੁਲਾਮੀ ਰੁਖ਼ਸਤ ਹੁੰਦੀ
ਵਿਹੜਿਆਂ 'ਚ ਚੜ੍ਹਦਾ ਸੂਰਜ ਨਵਾਂ

ਕਰਵਟ ਇੰਝ ਵੀ ਲੈਂਦਾ ਸਮਾਜ
ਹੌਲੀ-ਹੌਲੀ
ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ
*

## ਅੱਜ

ਮਿੱਤਰ ਕਵੀ ਦਾ
ਨਵਾਂ ਕਾਵਿ-ਸੰਗ੍ਰਹਿ ਪੜ੍ਹਿਆ
ਖ਼ੁਦ ਲਿਖੀ
ਨਵੀਂ ਇਕ ਕਵਿਤਾ

ਅਖ਼ਬਾਰੀ ਖ਼ਬਰਾਂ ਥੀਂ ਗੁਜ਼ਰਿਆ
ਪੜ੍ਹਿਆ ਕਈ ਕੁਝ ਹੋਰ
ਨਿੱਕ-ਸੁੱਕ ਜਿਹਾ
ਥੱਕ ਗਿਆ ਹਾਂ ਹੁਣ
ਤੇ ਘਰ ਇਕੱਲਾ ਹਾਂ

ਟੀ.ਵੀ. ਆਨ ਕਰੀਏ
ਅੰਗਰੇਜ਼ੀ ਮੂਵੀ ਵਾਲਾ
ਚੈਨਲ ਕੋਈ ਲਾਈਏ
ਵੇਖੀਏ ਅੱਧ-ਨੰਗੇ ਬਦਨਾਂ ਨੂੰ ਥਿਰਕਦੇ
ਕਾਮੀ ਜਿਸਮਾਂ ਦੇ
ਗਰਮ ਅਲਿੰਗਨ ਤੱਕੀਏ
ਲੰਬੇ ਚੁੰਮਣਾਂ ਦਾ ਰੁਮਾਂਸ ਮਾਣੀਏ
ਸਥਲ ਅੰਗਾਂ 'ਚ ਹਰਕਤ ਭਰੀਏ
ਕਵਿਤਾ ਤੋਂ ਥੋੜਾ ਹਟਵਾਂ
ਸੋਚੀਏ—ਜੀਵੀਏ—ਹੰਢਾਈਏ

ਸਾਰਾ ਦਿਨ ਤਾਂ
ਕਵਿਤਾ ਸੰਗ ਨਹੀਂ ਨਾ
ਬਿਤਾ ਹੁੰਦਾ

# ਕਠਿਨ ਫ਼ੈਸਲਾ

ਨੇੜੇ ਨੇ ਇਮਤਿਹਾਨ
ਪ੍ਰਵੇਸ਼ ਪ੍ਰੀਖਿਆਵਾਂ ਦੀ ਤਿਆਰੀ
ਬੱਚਿਆਂ ਦੀ ਪੜ੍ਹਾਈ
ਟੈਲੀਵਿਜ਼ਨ ਵਕਤ ਖਾ ਜਾਂਦਾ

ਕਠਿਨ ਲਿਆ ਫ਼ੈਸਲਾ
ਰੰਗ-ਬਰੰਗੇ ਚੈਨਲਾਂ ਨੂੰ
ਕੇਬਲ ਵਾਲਾ ਮੁੰਡਾ
ਅਟੇਰ ਕੇ ਲੈ ਗਿਆ

ਵਿਹਲੇ ਵੇਲੇ
ਹੁਣ ਦਿਸਦੇ ਨਾ ਅੰਗ ਪ੍ਰਦਰਸ਼ਨ
ਨਾ ਸੁਣਦੇ ਵਾਕ
ਦੂਹਰੇ ਅਰਥਾਂ ਵਾਲੇ

ਅਸ਼ਲੀਲ ਦ੍ਰਿਸ਼ ਅਲੋਪ ਹੋਏ
ਬੇਰੰਗ ਹੋ ਗਈ ਦੁਨੀਆ
ਟੈਲੀ ਬਿਨਾਂ

## ਖ਼ਲਾਅ

ਟੈਲੀਵਿਜ਼ਨ ਦਾ
ਕਿਸੇ ਕੀਤਾ ਤਰਜਮਾ
ਖ਼ਲਾਅ
ਭਰਦਾ ਜਾਂ ਸੁੰਘੜਦਾ

ਗੁੱਲ ਹੋਵੇ ਬੱਤੀ
ਬੰਦ ਹੋਵੇ ਟੀ.ਵੀ.
ਘਰ ਇਕਾਂਤ 'ਚ ਵੱਸੀ
ਚੁੱਪ ਹੋ ਜਾਂਦਾ
ਸ਼ਬਦ ਅੰਦਰਲਾ ਅਰਥ ਧੜਕਦਾ

ਟੀ.ਵੀ. ਦੇ ਚੱਲਦਿਆਂ
ਸ਼ੋਰ ਨਾਲ ਭਰ ਜਾਂਦੈ
ਘਰ, ਸੋਚ, ਕਵਿਤਾ

ਇਕ ਮਿੰਟ 'ਚ
ਬੱਤੀ ਚੈਨਲ ਬਦਲਦਿਆਂ
ਦਿਮਾਗ਼ ਦੇ ਚਿਤਰਪਟ 'ਤੇ
ਬਣਦੇ ਮਿਟਦੇ ਕੋਲਾਜ਼
ਸੁੰਨ ਕਰ ਜਾਂਦੇ ਸਿਰਜਣਾ

ਚੁੱਪ ਦਾ ਇਕ ਆਪਣਾ
ਸ਼ੋਰ ਦਾ ਆਪਣਾ ਖ਼ਲਾਅ

ਟੀ.ਵੀ. ਦੇ ਚੱਲਦਿਆਂ
ਕਿਸਦਾ ਤਰਜਮਾ—ਖ਼ਲਾਅ

## ਸੁੰਞ

ਟੱਬਰ ਦੇ ਤਿੰਨ ਜੀਅ
ਟੀ.ਵੀ. ਮੂਹਰੇ ਬੈਠੇ
ਖਿੜ ਬਹਿਸ ਰਹੇ
ਆਪਣੀ ਪਸੰਦ ਦੇ ਚੈਨਲ ਲਈ
ਪਰ ਮਰਜ਼ੀ ਉਸਦੀ ਚੱਲੇ
ਜਿਸ ਦੇ ਹੱਥ ਰਿਮੋਟ

ਟੱਬਰ ਦੇ ਤਿੰਨ ਜੀਅ
ਘਰ ਵਿਚ ਤਿੰਨ ਟੀ.ਵੀ.
ਹਰ ਕੋਈ ਵੇਖ ਸਕੇ
ਪਸੰਦ ਆਪਣੀ

ਝਗੜਾ ਰਿਹਾ ਨਾ ਕੋਈ
ਨਾ ਟੱਬਰ ਰਿਹਾ
ਆਪੋ-ਆਪਣੀ ਚੁੱਪ ਸੰਗ
ਜੀਅ ਰਹੇ
ਘਰ ਦੇ ਜੀਅ
ਇਕੱਲ ਹੰਢਾਅ ਰਹੇ

ਵੱਸਦੇ ਘਰਾਂ 'ਚ
ਟੈਲੀ ਦੇ ਸ਼ੋਰ 'ਚ
ਸੁੰਞ ਪਸਰ ਗਈ

# ਕਵਿਤਾ ਦੀ ਮੌਤ

ਦੂਰਦਰਸ਼ਨ 'ਤੇ
ਕਵੀ ਦਰਬਾਰ 'ਚ
ਕਵਿਤਾ ਪੜ੍ਹ ਕੇ ਆਇਆ
ਪੁੱਛਿਆ ਵਿਦਿਆਰਥੀਆਂ ਨੂੰ
ਕਵੀ ਦਰਬਾਰ ਬਾਰੇ

ਕਹਿਣ ਲੱਗੇ—
ਹਾਂ, ਜਾਣਦੇ ਹਾਂ
ਪਰ ਜਦ ਆਵੇ ਕਵੀ ਦਰਬਾਰ
ਟੀ.ਵੀ. ਬੰਦ ਕਰ ਦਿੰਦੇ ਹਾਂ

ਸਾਡੇ ਵਿਦਿਆਰਥੀ
ਸਾਡੀ ਭਾਸ਼ਾ ਦਾ ਭਵਿੱਖ
ਸਾਹਿਤ ਤੋਂ ਕੋਰੇ
ਕੱਲ੍ਹ ਨੂੰ ਕੌਣ ਪੜ੍ਹੇਗਾ
ਸਾਡੀ ਕਵਿਤਾ
ਕੌਣ ਸੁਣੇਗਾ ਸਾਡੀ ਕਵਿਤਾ

ਟੈਲੀ ਦੀ ਮਾਰਫ਼ਤ
ਕਵਿਤਾ ਦੀ ਮੌਤ
ਦੂਰੋਂ ਦਿਸ ਰਹੀ
--

## ਪਰਿਭਾਸ਼ਾ

ਹਰ ਇਕ ਲਈ
ਟੈਲੀਵਿਜ਼ਨ ਦੀ
ਪਰਿਭਾਸ਼ਾ ਵੱਖਰੀ

ਕੁਝ ਲਈ ਟੈਲੀ
ਕਾਰਟੂਨਾਂ ਦੀ ਰਹੱਸੀ ਦੁਨੀਆ
ਸਨਸਨੀ ਫੈਲਾਉਂਦੇ ਪਾਤਰ
ਢਿੱਡੀਂ ਪੀੜਾਂ ਪਾਉਂਦੇ

ਕਈਆਂ ਦੀ ਰੂਹਾਨੀਅਤ ਤ੍ਰਿਪਤੀ
ਕੁਝ ਲਈ ਫਿਲਮੀ ਗਲੈਮਰ
ਬੈੱਡਰੂਮ ਦਾ ਹਿੱਸਾ ਬਣਦਾ
ਕਈ ਸੀਰੀਅਲਾਂ ਦੇ ਪਾਤਰਾਂ ਦੀਆਂ
ਅੱਖਾਂ ਦਾ ਅੱਥਰੂ ਬਣਦੇ
ਕੁਝ ਤੱਕਦੇ ਨੰਗੇ ਜਿਸਮਾਂ ਨੂੰ
ਕਾਮਨਾਵਾਂ ਉਕਸਾਉਂਦੇ
ਕੁਝ ਲਈ ਯੋਗਾ, ਕੁਝ ਲਈ ਖੇਡਾਂ
ਕੁਝ ਡਿਸਕਵਰੀ ਚੈਨਲ ਰਾਹੀਂ
ਅਚੰਭਿਤ ਸੰਸਾਰ ਸੰਗ ਜੁੜਦੇ
ਕਈ ਕ੍ਰਿਕਟ ਵੇਖਦੇ
'ਕੱਲੀ 'ਕੱਲੀ ਬਾਲ 'ਤੇ ਅੰਪਾਇਰਿੰਗ ਕਰਦੇ
ਕੁਝ ਖ਼ਬਰਾਂ ਸੁਣਦੇ ਸਨਸਨੀ ਭਰੀਆਂ
ਖ਼ੁਸ਼, ਉਦਾਸ ਹੁੰਦੇ

ਹਰ ਇਕ ਨੂੰ ਉਸ ਦੀ ਦੁਨੀਆ ਤਕ
ਲੈ ਜਾਵੇ ਟੈਲੀ

## ਐਨਾਕੌਂਡਾ

ਕੀ ਤੁਸੀਂ ਕਦੀ ਤੱਕੀ ਹੈ
ਜੰਗਲ ਦੇ ਸ਼ੇਰ ਦੀ ਭੁੱਖ ਦਹਾੜਦੀ
ਜੰਗਲ ਵਿਚਲਾ ਅੰਨ ਪਾਣੀ, ਸਹਿਮਦਾ
ਕਿਸੇ ਜੀਵ ਦੀ ਪਿੱਠ 'ਤੇ
ਦੂਜੇ ਦੀ ਭੁੱਖ ਦਾ ਅੰਕਿਤ ਹੁੰਦਾ
ਨਾਂ ਤੱਕਿਆ ਹੈ
ਤੱਕਿਆ ਹੈ ਕਦੀ
ਜੀਊਂਦੇ ਪੰਛੀ ਨੂੰ ਨਿਗਲਦਾ ਐਨਾਕੌਂਡਾ
ਜੰਗਲ ਵਿਚਲੀ ਕਿਸੇ ਮਾਦਾ ਦੇ
ਗਰਭ ਦਾ ਅਲਟਰਾ-ਸਾਊਂਡ ਵੇਖਿਆ ਹੈ
ਕਦੀ ਉਤਰੇ ਹੋ ਸਮੁੰਦਰ ਦੀ ਗਹਿਰਾਈ 'ਚ
ਸਾਫ਼ ਸਫ਼ਾਫ਼ ਪਾਣੀਆਂ 'ਚ
ਕੁਦਰਤ ਦੇ ਰੰਗ ਤੱਕੇ ਹਨ

ਤੁਸੀਂ ਬਹੁਤ ਸਾਰੀ ਕੁਦਰਤ ਦੀ
ਨੇੜਤਾ ਮਾਣੀ ਹੋਵੇਗੀ
ਪਰ ਜੇ ਨਹੀਂ ਤੱਕੀ
ਅਣਜਾਣੀ ਅਣਚਿਤਵੀ ਕੁਦਰਤ
ਰਹੱਸਾਂ ਤੋਂ ਪਾਰ ਦੀ ਕਵਿਤਾ
ਉਸ ਦੇ ਦਰਸ਼ਨ ਕਰਾਉਂਦਾ ਹੈ
ਟੈਲੀ...

# ਸ਼ਰਾਰਤੀ ਬੱਚੇ

ਸ਼ਰਾਰਤੀ ਬੱਚੇ
ਸ਼ਿਕਾਇਤਾਂ ਦੇ ਮੁਰਮਰੇ ਲੈ
ਅਧਿਆਪਕ ਕੋਲ ਆਉਂਦੇ
ਅਧਿਆਪਕ ਜੇ ਆਪਣੇ ਕੋਲ ਹੁੰਦਾ
ਮੁਰਮਰਾ ਚੱਖਦਾ, ਪਿੱਠਾਂ ਥਪਥਪਾਉਂਦਾ
ਪਤੀਸਾ ਵੰਡਦਾ, ਸਿਰ ਪਲੋਸਦਾ
ਸ਼ਰਾਰਤੀ ਉਮਰਾਂ
ਮੁਸਕਰਾਹਟ ਦੀਆਂ
ਤਿਤਲੀਆਂ ਉਡਾਉਂਦੀਆਂ
ਖ਼ੁਸ਼ਬੂ ਦੇ ਰੰਗ ਬਿਖੇਰਦੀਆਂ

ਅਧਿਆਪਕ ਜੇ ਗ਼ੈਰ-ਹਾਜ਼ਰ ਹੁੰਦਾ
ਕਿਸੇ ਤਣਾਅ ਦੇ ਕਿਨਾਰੇ ਬੈਠਾ
ਕਿਸੇ ਖਿਝ ਸੰਗ ਸੰਵਾਦ ਰਚਾਉਂਦਾ
ਮੁਰਮਰਾ ਉਹਦੀਆਂ ਅੱਖਾਂ 'ਚ
ਕੰਕਰ ਬਣ ਰੜਕਦਾ
ਚਿਹਰੇ ਦਾ ਤਣਾਅ
ਫੁੱਲ ਪੱਤੀਆਂ ਵਲੂੰਧਰ ਦਿੰਦਾ

ਮਾਸੂਮ ਉਮਰਾਂ ਅੱਖਾਂ 'ਚੋਂ
ਕੁਮਲਾਏ ਫੁੱਲਾਂ ਦੀ
ਉਦਾਸੀ ਪੂੰਝਦੀਆਂ

ਬੱਚੇ ਤਾਂ ਬੱਚੇ ਹੁੰਦੇ
ਅਧਿਆਪਕ ਬਦਲ ਦਿੰਦੇ
ਉਨ੍ਹਾਂ ਦੀ ਪਰਿਭਾਸ਼ਾ

# ਅਧਿਆਪਕ

-1-
ਇਕ ਆਕਾਰ ਨੂੰ ਵੇਖ
ਸਹਿਮ ਜਾਂਦਾ ਬੱਚਾ
ਦੂਜੇ ਆਕਾਰ ਨੂੰ ਵੇਖ
ਮੁਸਕਰਾ ਪੈਂਦਾ ਬੱਚਾ

ਹੈਰਾਨ ਹੁੰਦਾ
ਦੋਹਾਂ ਆਕਾਰਾਂ ਦੀ ਪਿੱਠ 'ਤੇ
ਇਕ ਹੀ ਸ਼ਬਦ ਉਕਰਿਆ
'ਅਧਿਆਪਕ'

-2-
ਅਧਿਆਪਕ ਬੱਚੇ ਦੇ
ਸ਼ੋਰ ਨੂੰ ਸੁਣਦਾ
ਘੂਰਦਾ, ਸਿਖਾਉਂਦਾ
ਬੱਚੇ ਦੀ ਚੁੱਪ ਨੂੰ ਨਹੀਂ ਸੁਣਦਾ
ਚੁੱਪ 'ਚ ਬੋਲਦੇ ਪ੍ਰਸ਼ਨਾਂ ਸੰਗ
ਸੰਵਾਦ ਨਹੀਂ ਰਚਾਉਂਦਾ

ਸ਼ੋਰ 'ਚ ਬੱਚੇ ਦਾ ਵਿਵਹਾਰ ਹੁੰਦਾ
ਚੁੱਪ 'ਚ ਬਚਪਨ

ਵਿਵਹਾਰ ਪੜ੍ਹ ਜਾਂਦਾ, ਸਿਖ ਜਾਂਦਾ
ਬਚਪਨ ਅਨਪੜ੍ਹ ਤੇ ਅਧੂਰਾ ਰਹਿ ਜਾਂਦਾ

ਅਧਿਆਪਕ ਬੱਚੇ ਦੇ ਬਚਪਨ ਨੂੰ
ਕਦ ਸੁਣੇਗਾ!

ਕਦ ਸਾਕਾਰ ਹੋਵੇਗੀ
ਮਦਰੱਸਿਆਂ ਦੀ ਰੂਹਾਨੀਅਤ

-3-

ਦਫ਼ਤਰ 'ਚ ਸੱਜੀਆਂ
ਤੇ ਵਿਹੜੇ 'ਚ ਖਿੰਡੀਆਂ
ਕੁਰਸੀਆਂ ਨੂੰ ਘੂਰਦੀ
ਅਧਿਆਪਕਾ ਦੀ ਅੱਖ 'ਚ
ਮੋਤੀਆ ਉਤਰ ਆਇਆ ਹੈ
ਕੋਈ ਵੀ ਕੁਰਸੀ
ਉਸ ਨਾਲ ਅੱਖ ਨਹੀਂ ਮਿਲਾਉਂਦੀ

ਨਮਾਜ਼ ਦਾ ਵਕਤ ਹੋ ਰਿਹਾ ਹੈ
ਹੱਥ ਵਿਚਲਾ ਪਰਸ ਝੂਲ ਰਿਹਾ ਹੈ

ਅਧਿਆਪਕਾ ਦੀ ਪ੍ਰੇਸ਼ਾਨੀ ਵਧਦੀ
ਬੱਚਿਆਂ ਦੀ ਹੈਰਾਨਗੀ
ਸਕੂਲ ਦੀਆਂ ਦੀਵਾਰਾਂ ਤਿੜਕਦੀਆਂ
ਮਾਪਿਆਂ ਦੀਆਂ ਆਸ਼ਾਵਾਂ
ਹਕੂਮਤੀ ਮੱਥਿਆਂ 'ਚ
ਸਾਜ਼ਿਸ਼ੀ ਚੁੱਪ ਹੈ ਸੌਂ ਰਹੀ

ਬੱਚੇ ਰਿਮੋਟ ਨਾਲ ਖੇਡੀ ਜਾਂਦੀ
ਖੇਡ ਦੇ ਪਾਤਰ ਬਣ ਕੇ ਰਹਿ ਗਏ

-4-

ਸਕੂਲ ਦਾ ਵਕਤ ਹੋ ਰਿਹਾ ਹੈ
ਅਧਿਆਪਕ ਕਾਹਲੀ ਕਾਹਲੀ

ਅਖ਼ਬਾਰ ਦੇ ਅੱਖਰ ਸਹਿਲਾ ਰਿਹਾ ਹੈ
ਕਿਧਰੇ ਵੀ
ਕੋਈ ਰਾਹਤ ਨਹੀਂ ਰੜਕਦੀ

ਅਧਿਆਪਕ ਦੇ ਮੱਥੇ 'ਚ
ਸੋਚਾਂ ਦੀਆਂ ਸ਼ਾਖ਼ਾਵਾਂ ਉਲਝਦੀਆਂ
ਉਸ ਦੇ ਵਿਵਹਾਰ 'ਚ ਸਹਿਜ ਨਹੀਂ—ਕਾਹਲ ਹੈ
ਉਸ ਦੇ ਮੱਥੇ 'ਚ ਚਿੰਤਨ ਨਹੀਂ—ਚਿੰਤਾਵਾਂ ਹਨ

ਉਸ ਦਾ ਸਾਰਾ ਬੋਧ
ਅਬੋਧ ਆਹਰਾਂ 'ਚ ਗਲਤਾਨ ਹੈ
ਦੀਵੇ ਦੇ ਗਰਭ ਦਾ ਹਨੇਰਾ ਚੁਫ਼ੇਰੇ ਫੈਲਦਾ
ਭਵਿੱਖ ਦੇ ਵਿਕਾਸ ਦਾ ਪਹੀਆ ਪੁੱਠਾ ਗਿੜਦਾ
ਆਦਿ ਕਾਲ ਦੇ ਖੁੱਲ੍ਹਦੇ ਬੂਹੇ

## ਬੱਚਾ

-1-
ਸਵੇਰੇ ਬੱਚਾ
ਸਕੂਲ ਲਈ ਘਰੋਂ ਤੁਰਦਾ
ਉਸ ਦੇ ਨਾਲ ਤੁਰ ਆਉਂਦੀ
ਘਰ ਦੀ ਤਰਤੀਬ
ਉਸ ਦੀ ਅਧੂਰੀ ਵਰਦੀ ਦੇ
ਫਿੱਕੇ ਰੰਗਾਂ 'ਚ ਛੁਪ ਕੇ

ਪ੍ਰਾਰਥਨਾ ਵੇਲੇ
ਵੱਖਰੀ ਕਤਾਰ 'ਚ ਖੜਾ
ਪ੍ਰਾਰਥਨਾ ਤੋਂ ਕੋਹਾਂ ਦੂਰ
ਵੱਖਰੀ ਤਰ੍ਹਾਂ ਸੋਚਦਾ, ਬੱਚਾ

-2-
ਬੱਚੇ ਨਹੀਂ ਜਾਣਦੇ
ਅਧਿਆਪਕ ਹੁਣ ਸਿਰਫ਼
ਅਧਿਆਪਕ ਨਹੀਂ ਰਿਹਾ
ਹੋਰ ਵੀ ਹੋ ਗਿਆ ਹੈ ਬੜਾ ਕੁਝ

ਕਾਰੋਬਾਰੀ ਰੁਝੇਵਿਆਂ 'ਚ ਉਲਝਿਆ
ਉਹ ਕਈ ਥਾਈਂ ਹੱਥ
ਤੇ ਕਈ ਥਾਈਂ ਮੂੰਹ ਮਾਰਦਾ

ਰਾਜਨੀਤੀ ਨੂੰ ਮੂੰਹ ਮਾਰਦੇ
ਮਾਸਟਰ ਜੀ ਦਾ ਮੁਹਾਂਦਰਾ
ਬੱਚਿਆਂ ਨੂੰ
ਗੰਦ 'ਚ ਮੂੰਹ ਮਾਰਦੇ
ਸੂਰ ਜਿਹਾ ਲੱਗਦਾ

ਬੱਚੇ ਵੀ ਅਜੀਬ ਨੇ
ਨਹੀਂ ਜਾਣਦੇ ਕਿ ਅਧਿਆਪਕ ਹੁਣ ਸਿਰਫ਼
ਅਧਿਆਪਕ ਨਹੀਂ ਰਿਹਾ
ਹੋਰ ਵੀ ਹੋ ਗਿਆ ਹੈ ਬੜਾ ਕੁਝ

-3-
ਬੱਚਾ
ਆਪਣੇ ਮੋਢਿਆਂ 'ਤੇ ਭਵਿੱਖ ਚੁੱਕੀ
ਸਕੂਲ ਅੰਦਰ ਦਾਖ਼ਲ ਹੁੰਦਾ
ਤੱਕਦਾ ਆਪਣੇ ਹਾਣੀਆਂ ਨੂੰ
ਖ਼ੁਸ਼ ਹੁੰਦਾ
ਤੱਕਦਾ ਅਧਿਆਪਕਾਂ ਨੂੰ
ਸਹਿਮ ਜਾਂਦਾ
ਫਿਰ ਉਹ ਸਿੱਖਦਾ ਪੂਰਨੇ ਪਾਉਣੇ
ਤੱਕਦਾ ਅਧਿਆਪਕਾਂ ਦਾ ਵਿਵਹਾਰ
ਧੁੰਦਲੇ ਪੈ ਜਾਂਦੇ ਪੂਰਨੇ
ਵਿਵਹਾਰ ਉਸ ਦੇ ਬਚਪਨ 'ਚ
ਨਸ਼ੇ ਵਾਂਗ ਰਚ ਜਾਂਦਾ

ਪੂਰਨਿਆਂ ਤੋਂ ਭਟਕਿਆ ਬੱਚਾ ਸਿੱਖ ਜਾਂਦਾ
ਜੋ ਉਸ ਨਹੀਂ ਸੀ ਸਿੱਖਣਾ
ਸਮੇਂ ਦੇ ਹਾਣ ਦਾ
ਦੰਭ, ਕਪਟ, ਮੱਕਾਰ
ਅਧਿਆਪਕਾਂ ਦਾ ਵਿਵਹਾਰ
ਬੜੇ ਸਹਿਜ ਨਾਲ
ਬਿਨਾਂ ਕੋਈ ਉਚੇਚ ਕੀਤਿਆਂ
ਬਣ ਜਾਂਦਾ
ਬੱਚੇ ਦਾ ਵਿਵਹਾਰ

# ਮੁਸਕੁਰਾਹਟ

-1-

ਮਾਸੂਮ ਮੁਸਕਰਾਹਟ
ਚਾਰਜਿਤ ਕਣਾਂ ਜਿਹੀ
ਉਦਾਸੀਨ ਜ਼ਿੰਦਗੀ ਨੂੰ
ਊਰਜਾ ਨਾਲ ਭਰ ਦਿੰਦੀ

ਤੂੰ ਜਦ ਵੀ ਮੁਸਕਰਾਉਂਦੀ
ਸਲ੍ਹਾਬੇ ਦਿਨ
ਦੁਪਹਿਰ ਵਾਂਗ ਖਿੜ ਜਾਂਦੇ

ਸ਼ਾਲਾ! ਇੰਜ ਹੀ
ਨ੍ਰਿਤ ਕਰਦੀ ਰਹੇ
ਪਵਿੱਤਰ ਮੁਸਕਰਾਹਟ ਇਹ
ਤੇਰੇ ਮਹੀਨ ਹੋਂਠਾਂ 'ਤੇ

-2-

ਫੁੱਲਾਂ ਦੀ ਮੁਸਕਾਨ
ਮਾਸੂਮ ਇਹ ਨਜ਼ਮਾਂ
ਫ਼ਿਕਰ ਹੂੰਝ ਸੁੱਟਦੀਆਂ
ਤਣਾਅ-ਮੁਕਤ ਕਰਦੀਆਂ

ਤੂੰ ਜਦ ਵੀ ਲਿਖਦੀ
ਨਜ਼ਮ ਸੂਰਜ ਦੇ ਮੱਥੇ ਜਿਹੀ
ਹਨੇਰੇ ਛਿਣ
ਚਾਨਣ ਨਾਲ ਭਰ ਜਾਂਦੇ

ਇੰਜ ਹੀ
ਸਹਿਜ ਸਿਰਜਦੀ ਰਹੇ
ਬਿਰਤੀ ਤੇਰੀ
ਸ਼ਬਦਾਂ ਦੇ ਪਰਾਂ ਨਾਲ...

-3-

ਤੇਰੀ ਮੁਸਕਰਾਹਟ 'ਚ
ਓਮ ਦੀ ਧੁਨੀ ਜਿਹਾ
ਸੰਗੀਤ ਗੂੰਜਦਾ
ਇਲਾਹੀ ਰਾਗ ਬਰਸਦਾ
ਮਹਿਕਿਆ ਵਾਤਾਵਰਣ
ਮੇਰੇ ਕਮਰੇ 'ਚ ਆ ਜੁੜਦਾ
ਫ਼ਿਕਰਾਂ ਤਣਾਵਾਂ ਤੋਂ ਮੁਕਤ
ਲੋੜਾਂ ਥੁੜਾਂ ਤੋਂ ਦੂਰ

ਤੇਰੀ ਕਾਇਆ ਦੇ ਆਕਾਰ 'ਚ
ਮੈਂ ਹਓਕੇ ਵਾਂਗ ਸਿਮਟ ਜਾਂਦਾ
ਤੇਰੇ ਅੰਗਾਂ ਦੀ ਹਰਕਤ 'ਚ
ਆਂਦਰ ਵਾਂਗ ਵਿਛ ਜਾਂਦਾ

-4-

ਤੇਰੀ ਮੁਸਕਰਾਹਟ
ਮੇਰੀ ਧੀ ਦੀ ਮਾਸੂਮੀਅਤ
ਮੇਰੇ ਬੇਟੇ ਦਾ ਹਾਣ
ਪੁੰਗਰ ਰਹੇ ਰਿਸ਼ਤੇ ਦੀ
ਕੋਂਪਲ ਵਰਗੀ
ਆਉਣ ਵਾਲੇ ਦਿਨਾਂ ਦੀ
ਕਠੋਰਤਾ ਤੋਂ ਅਣਜਾਣ

ਤੇਰੀ ਤੋਰ 'ਚ ਮਟਕ
ਪਹਿਰਾਵੇ 'ਚ ਸੁਹਜ
ਵਿਵਹਾਰ 'ਚ ਤਰਲਤਾ
ਤੇਰੀ ਸਾਦਗੀ
ਤੈਨੂੰ ਮੁਬਾਰਕ

-5-

ਹਵਾ ਦੀ ਮਸਤ ਛੋਹ ਨੇ
ਤੈਨੂੰ ਗੁਦਗੁਦਾਇਆ
ਤੂੰ ਮੁਸਕਰਾ ਪਈ
ਫ਼ਿਕਰ ਸਾਰੇ ਝੜ ਗਏ
ਜਿਸਮਾਂ ਦੀ ਵੀਰਾਨਗੀ 'ਚ
ਖਿੜ ਪਏ ਗੁਲਾਬ ਸੂਹੇ
ਤੁਰ ਪਏ ਕਾਫ਼ਲੇ ਰੁਕੇ
ਮੁੰਦ ਲਈਆਂ ਕਾਇਨਾਤ ਅੱਖਾਂ
ਅੰਬਰ 'ਚੋਂ ਬਰਸੇ ਅੱਖਰ
ਨਜ਼ਮਾਂ ਦੇ ਨਕਸ਼ ਬਣੇ
ਹਵਾ ਦੀ ਮਸਤ ਛੂਹ ਨੇ...

-6-

ਤੇਰੀ ਮੁਸਕਰਾਹਟ
ਸਫ਼ਿਆਂ 'ਤੇ ਤੁਰਦੀ
ਸਤਰਾਂ 'ਚ ਵਿਛਦੀ
ਕਈ ਆਕਾਰ ਗ੍ਰਹਿਣ ਕਰਦੀ
ਪਾਣੀਆਂ 'ਤੇ ਤੈਰਦੀ
ਹਵਾ 'ਚ ਉੱਡਦੀ
ਰਾਖ਼ ਹੁੰਦੇ ਸੰਸੇ
ਪਰਤਦੇ ਛਿਣ ਭਲੇ

ਸੋਚ ਮੇਰੀ
ਅੰਦਰ ਵੱਲ
ਇਕ ਕਦਮ ਹੋਰ ਤੁਰੇ
ਹੋਰ ਨੇੜੇ ਸਰਕ ਜਾਵਾਂ ਆਪਣੇ

-7-

ਤੂੰ ਮੇਰੀ ਹਾਨਣ
ਮੁਸਕਰਾਹਟ ਤੇਰੀ ਆਦਿ ਕੁਆਰੀ
ਨਿੱਤਰੇ ਪਾਣੀਆਂ ਦੀ ਪਿਆਸ
ਧੁਰ ਅੰਦਰ ਕਿਤੇ ਟਿਕੀ

ਸੰਗ ਝਿਜਕ ਰਹੀ
ਮੁਸਕਰਾਹਟ ਦੇ ਬਾਲਪਨ ਨੂੰ
ਆਪਣੀ ਉਮਰ ਦਾ ਅਹਿਸਾਸ ਦੇ
ਮੁਹੱਬਤ ਦੇ ਪੈਂਡੇ
ਤਪਦੇ ਥਲ 'ਚੋਂ ਗੁਜ਼ਰਦੇ
ਤਦ ਹੀ ਮਿਟਦੀ ਪਿਆਸ
ਸੰਪੂਰਨ ਹੁੰਦੀ ਸਿਰਜਣਾ

-8-

ਇੰਜ ਹੀ ਮੁਸਕਰਾਉਂਦਾ ਕੋਈ
ਦੁੱਖ 'ਚ
ਕਿ ਹਰ ਨਕਸ਼ 'ਚ ਪੀੜ ਭਰ ਜਾਂਦੀ

ਮੁਸਕਰਾਹਟ 'ਚ
ਦਰਦਾਂ ਦਾ ਸਿਲਸਿਲਾ
ਹਰ ਸਮਝ 'ਚ ਨਾ ਸਮਾਉਂਦਾ
ਦੁੱਖ ਜਿਨ੍ਹਾਂ ਦੇ ਹੱਡੀਂ ਰਚਿਆ
ਪੀੜ੍ਹੀ-ਦਰ-ਪੀੜ੍ਹੀ ਤੁਰਦਾ

ਰਮਜ਼ ਉਨ੍ਹਾਂ ਨੂੰ
ਸਮਝ ਉਨ੍ਹਾਂ ਨੂੰ
ਮੁਸਕਰਾਉਣ ਦੀ ਆ ਹੀ ਜਾਂਦੀ

-9-

ਮੈਂ ਯਾਦ ਕਰ ਰਿਹਾਂ
ਛਿਣ ਉਹ
ਜਦ ਪਹਿਲੀ ਵਾਰ
ਮੁਸਕਰਾਹਟ ਤੇਰੀ ਤੱਕੀ
ਖ਼ੁਰਚ ਰਿਹਾਂ ਯਾਦਾਂ ਦੀ ਮਿੱਟੀ
ਸ਼ਿਆਹ ਤੋਂ ਚਾਂਦੀ ਰੰਗੇ ਹੋਏ
ਸਾਂਭ ਸਕੇ ਨਾ ਰੋਮ
ਤਰਲਾ ਜਿਹਾ ਛਿਣ ਉਹ

ਪਰ ਯਾਦ ਹੈ ਮੈਨੂੰ
ਤੇਰਾ ਖਿੜਖਿੜਾ ਕੇ ਹੱਸਣਾ
ਹਵਾ ਵਾਂਗ ਆਉਣਾ
ਖ਼ੁਸ਼ਬੂ ਵਾਂਗ ਫੈਲ ਜਾਣਾ

-10-

ਮੈਂ ਮੁਸਕਰਾਈ
ਆਪ ਹੀ ਤੱਕੀ
ਮੁਸਕਰਾਹਟ ਆਪਣੀ ਆਈਨੇ 'ਚ
ਮੂਹਰੇ ਵੀ ਮੈਂ
ਅੰਦਰੋ ਵੀ ਮੈਂ
ਮੇਰੇ ਅੰਦਰ ਕੌਣ ਮੁਸਕਰਾ ਰਿਹਾ

ਦਰਦ ਸਿਹਤਮੰਦ ਹੈ
ਫ਼ਿਕਰ ਸੰਸੇ ਝੋਰੇ ਵੀ
ਬਹੁਤ ਦੂਰ ਸਰਕ ਗਈ
ਯਾਦ ਤੇਰੀ ਦਾ
ਕੋਈ ਛਿਣ ਸ਼ਾਇਦ ਮੁਸਕਰਾ ਪਿਆ

-11-

ਤੂੰ ਮੁਸਕਰਾਉਂਦੀ
ਮੌਨੀਟਰ ਦੇ ਰਹੱਸਵਾਦ 'ਚ
ਡੁਬਕੀ ਲਾ ਦਿੰਦੀ

ਮੈਂ ਮਾਊਸ ਦੇ ਗਲ ਲੱਗ ਰੋਂਦਾ
ਕਿਨਾਰੇ ਖੜਾ ਵਿਲਕਦਾ

ਮੌਨੀਟਰ 'ਤੇ ਬ੍ਰਹਿਮੰਡ ਘੁੰਮਦਾ
ਕਈ ਚਿਹਰੇ ਆਉਂਦੇ
ਰਿਸ਼ਤਿਆਂ ਦੀ ਸੂਚੀ
ਤਸਵੀਰਾਂ ਸੰਗ ਪ੍ਰਦਰਸ਼ਿਤ ਹੁੰਦੀ
ਤੂੰ ਤੇ ਮੁਸਕਰਾਹਟ ਤੇਰੀ
ਪਰ ਕਿਧਰੇ ਵੀ
ਨਜ਼ਰ ਨਾ ਆਉਂਦੀ

-12-

ਤੂੰ ਮੁਸਕਰਾਈ
ਤੇ ਭੀੜ ਦੇ ਜੰਗਲ ਵਿਚ
ਝਾੜ ਹੋ ਗਈ
ਮੈਂ ਭੀੜ ਦੇ ਮੋਢਿਆਂ 'ਤੇ
ਸਿਰ ਲੱਭਦਾ ਰਿਹਾ

ਸਿਰਾਂ ਤੋਂ ਸੱਖਣੀ ਭੀੜ 'ਚ
ਨਾ ਤੂੰ ਸੀ
ਨਾ ਨਕਸ਼ ਤੇਰਾ ਕੋਈ
ਨਾ ਤੂੰ ਮੁਸਕਰਾਉਂਦੀ
ਨਾ ਸਿਰ ਗੁਆਉਂਦੀ
ਸਾਲਮ ਸਬੂਤੀ
ਨਜ਼ਮ ਜਿਹੀ ਹੁੰਦੀ

-13-

ਤੇਰੀ ਮੁਸਕਰਾਹਟ ਦੀ ਟੇਢ ਨੇ
ਸਿਰਜੀਆਂ ਕਈ ਘੁੰਡੀਆਂ
ਕਈ ਦਵੰਦ ਰਚੇ
ਕਿੰਨੇ ਯੁੱਧ ਹੋਏ
ਕਿੰਨੇ ਮਹਾਕਾਵਿ ਗਏ ਰਚੇ
ਕਿੰਨੇ ਹੀ ਛਿਣਾਂ ਦੀ ਤਰਤੀਬ ਟੁੱਟੀ
ਜੁਗਾਂ ਯੁੱਗ ਇਸ 'ਚ ਸਮਾ ਗਏ
ਅਧਿਐਨ ਹੋਏ—ਹੋਈਆਂ ਗੋਸ਼ਟੀਆਂ
ਕਈ ਕੁਝ ਟੁੱਟਿਆ ਉਸਰਿਆ
ਸੁਹਜ ਸ਼ਾਸਤਰ ਇਸ ਟੇਢ ਦਾ
ਪਰ ਸਮਝ ਨਾ ਆਇਆ

-14-

ਮੁਸਕਰਾਹਟ ਵੀ
ਮੰਡੀ ਦੀ ਵਸਤ ਹੋ ਗਈ
ਰੋਜ਼ ਮੰਚਾਂ 'ਤੇ ਨੀਲਾਮ ਹੁੰਦੀ
ਵਸਤਰਹੀਣ ਹੋ ਨ੍ਰਿਤ ਕਰਦੀ ਹੋਠਾਂ 'ਤੇ
ਮੰਡੀ ਦਾ ਸਾਰਾ ਦਾਰੋਮਦਾਰ
ਮੁਸਕਰਾਹਟ 'ਚੋਂ ਹੋ ਕੇ ਗੁਜ਼ਰਦਾ ਲੱਗਦਾ

ਇਕ ਇਕ ਅਦਾ 'ਤੇ
ਸੈਂਕੜੇ ਛਿਣ ਨਿਛਾਵਰ ਹੋ ਕੇ
ਮੰਡੀ 'ਚ ਆਪਣਾ ਮੁੱਲ ਪਵਾਉਂਦੇ
ਸਾਰੇ ਰਹੱਸਾਂ ਤੋਂ ਬਾਹਰ ਆ ਕੇ
ਤੂੰ ਗਲੋਬਲੀ ਹੋ ਗਈ
ਸਾਡੀ ਨਾ ਰਹੀ

-15-

ਜਿਸ ਕੁਦਰਤ ਦੇ
ਕਣ-ਕਣ ਅੰਦਰ ਵੱਸੇ ਮੁਸਕਾਨ
ਉਸੇ ਕੁਦਰਤ ਦੇ ਜੀਅ-ਜੰਤ ਬੇਅੰਤ
ਮੁਸਕਾਨ ਦੇ ਅਹਿਸਾਸ ਤੋਂ ਅਨਜਾਣ

ਦਰਦ ਬੇਬਸੀ ਦਾ
ਉਨ੍ਹਾਂ ਚਿਹਰਿਆਂ 'ਤੇ ਰੀਂਗ ਰਿਹਾ
ਕੌਣ ਖੋਹ ਕੇ ਲੈ ਗਿਆ
ਉਨ੍ਹਾਂ ਦੀ ਮੁਸਕਾਨ

ਕਦ ਆਵੇਗਾ ਉਹ ਨਿਜ਼ਾਮ
ਪਰਤ ਆਵੇਗੀ ਜਦ ਸਭ ਦੀ ਮੁਸਕਾਨ

-16-

ਮੁਸਕਾਉਂਦਾ ਬੱਚਾ
ਸਭ ਦੇ ਕਾਲਜੇ ਠੰਡ ਪਾਉਂਦਾ
ਮੁਸਕਰਾਹਟ ਜਵਾਨ ਹੋ ਜਾਂਦੀ
ਮੁਸਕਰਾਹਟ ਮੁਟਿਆਰ ਹੋ ਜਾਂਦੀ

ਇਕ ਮੁਸਕਰਾਹਟ ਨਾਲ
ਖਿੜ ਉਠਦਾ ਘਰ
ਦੂਜੀ ਨਾਲ
ਘਰ ਫ਼ਿਕਰ ਨਾਲ ਭਰ ਜਾਂਦਾ

ਮੱਥੇ 'ਚ ਉੱਗ ਆਉਂਦਾ
ਜੰਗਲ ਤਿਉੜੀਆਂ ਦਾ
ਅੱਖਾਂ 'ਚ ਕਰੋਧ ਮੱਚਦਾ
ਜਵਾਨ ਮੁਸਕਰਾਹਟ
ਖੁੱਲ੍ਹੇ ਅੰਬਰ 'ਚ ਖਿੜਖਿੜਾਉਂਦੀ
ਮੁਟਿਆਰ ਚਾਰ-ਦੀਵਾਰੀ ਅੰਦਰ
ਤਾੜ ਦਿੱਤੀ ਜਾਂਦੀ

-17-

ਮੁਸਕਰਾਹਟ ਦਾ ਅੰਦਾਜ਼ ਹੀ
ਕਰ ਜਾਂਦਾ ਨੀਅਤ ਦੀ ਚੁਗਲੀ

ਕਈ ਮੁਸਕਰਾਹਟ 'ਚੋਂ ਸ਼ਬਦ ਭਾਲਦੇ
ਕਈ ਅਰਥਾਂ ਦੇ ਅਨਰਥ ਕਰ ਦਿੰਦੇ

ਤੂੰ ਮੁਸਕਾਨ ਬਿਖੇਰਦੀ ਰਹਿੰਦੀ ਹਰ ਛਿਣ
ਛਿਣ ਹੋ ਜਾਵੇ ਖ਼ੁਸ਼ਬੂ-ਖ਼ੁਸ਼ਬੂ
ਨਿੱਸਲ ਅੰਗਾਂ 'ਚ ਜਾਨ ਭਰੇ

ਮੁਸਕਰਾਹਟ ਦਾ ਆਕਾਰ ਹੀ
ਹੋਣੀਆਂ ਦਾ ਮੁਹਾਂਦਰਾ ਸਿਰਜ ਜਾਵੇ
ਵਕਤ ਦਾ ਭਵਿੱਖ ਕੰਨੀਂ ਪੈ ਜਾਵੇ

-18-

ਪਹਿਲੀ ਮੁਲਾਕਾਤ 'ਚ
ਤੇ ਆਖ਼ਰੀ 'ਚ ਵੀ
ਉਸ ਦੀ ਮੁਸਕਰਾਹਟ
ਮੂਕ ਸੰਵਾਦ ਸੀ

ਇਸ ਸੰਵਾਦ 'ਚ
ਤਿਤਲੀ ਦੇ ਪਰਾਂ ਜਿਹੇ
ਸ਼ਬਦ ਤਾਂ ਸਨ
ਪਰ ਕਿਨਾਰਿਆਂ ਦੀ ਵਿੱਥ
ਬਰਕਰਾਰ ਸੀ
ਸ਼ਬਦਾਂ ਦੀ ਕਿਸ਼ਤੀ ਬਣਾ
ਕਿਸੇ ਦਿਨ ਪਾਰ ਕਰ ਜਾਵਾਂਗਾ
ਇਹ ਵਿੱਥ

-19-

ਜਿਹੜੇ ਚਾਂਭਲ ਕੇ
ਵੰਡਦੇ ਰਹੇ ਮੁਸਕਰਾਹਟ
ਉਦਾਸੀ ਦੀ ਰੁੱਤ ਆਉਣ 'ਤੇ
ਹੋਂਠਾਂ ਦੀ ਉਹ ਮੁਦਰਾ ਵੀ ਭੁੱਲ ਗਏ
ਜਿਸਦੇ ਅਰਥ ਮੁਸਕਰਾਹਟ ਹੁੰਦੇ
ਜਿਨ੍ਹਾਂ ਯਾਦ ਰੱਖਿਆ
ਮੁਸਕਰਾਉਣਾ ਤੇ ਉਦਾਸ ਹੋਣਾ

ਧਰਤੀ ਦਾ ਧੁਰੀ ਦੁਆਲੇ
ਘੁੰਮਣ ਦਾ ਨੇਮ ਹੈ
ਬਚੀ ਰਹੀ ਉਨ੍ਹਾਂ ਕੋਲ
ਮੁਸਕਰਾਹਟ ਵੀ, ਜ਼ਿੰਦਗੀ ਵੀ

-20-

ਚੇਤਿਆਂ ਦੀ ਵੈੱਬਸਾਈਟ 'ਤੇ
ਮੁਸਕਰਾਹਟ ਦੇ ਕਮਾਏ ਛਿਣ
ਸੁਰੱਖਿਅਤ
ਕਦੀ ਵੀ, ਕਿਧਰੇ ਵੀ
ਕਲਿੱਕ ਹੋ ਜਾਣ

ਇਕ ਉਮਰ ਤੋਂ ਬਾਅਦ
ਜ਼ਿੰਦਗੀ ਦਾ ਹਾਸਲ ਜੇ ਸਿਫ਼ਰ ਹੀ ਹੋਵੇ
ਉਦਾਸ ਬਹੁਤ ਉਦਾਸ ਮੁਦਰਾ 'ਚ ਵੀ
ਚੇਤਿਆਂ 'ਚ ਸਾਂਭੀ ਮੁਸਕਰਾਹਟ
ਛਣਕ ਪਵੇ
ਭੰਗ ਕਰ ਦੇਵੇ
ਸਮਾਧੀ ਦੀ ਉਦਾਸ ਮੁਦਰਾ

# ਬਸੰਤ

ਅੱਜ ਸਕੂਲ ਛੁੱਟੀ ਸੀ
ਧੁੰਦ ਸੀ ਪਰ ਗਹਿਰੀ ਨਹੀਂ
ਹਵਾ ਸੀ ਪਰ ਕਹਿਰੀ ਨਹੀਂ
ਮਾਵਾਂ ਜਦੋਂ
ਸਵੇਰ ਦਾ ਚੁੱਲ੍ਹਾ ਚੌਂਕਾ ਸਾਂਭਿਆ
ਅਸਮਾਨ ਪਤੰਗਾਂ ਨਾਲ ਭਰ ਗਿਆ

ਸਾਰਾ ਦਿਨ ਬਾਲਾਂ
ਅੰਬਰ ਨੂੰ ਟਾਕੀਆਂ ਲਾਈਆਂ
ਰੱਬ ਨਾਲ ਹੱਥ ਮਿਲਾਇਆ
ਅੱਜ ਆਈ ਬੋ ਹੁੰਦੀਆਂ ਰਹੀਆਂ
ਮਾਂ ਦੀਆਂ ਮਿੱਠੀਆਂ ਗਾਲ੍ਹਾਂ
ਬਾਪੂ ਦੇ ਕ੍ਰੋਧ ਦੇ
ਪੇਚੇ ਪੈਂਦੇ ਰਹੇ

ਘਰਾਂ ਨੂੰ ਮੁੜੇ ਜਦ ਡੰਗਰ
ਉੱਡਦੇ ਰੰਗ ਛੱਤਾਂ 'ਤੇ ਬਹਿ ਗਏ
—

# ਕ੍ਰਿਸ਼ਨਾ

ਕ੍ਰਿਸ਼ਨਾ ਸਾਡੀ 'ਕੰਮ ਵਾਲੀ' ਔਰਤ ਦਾ ਨਾਂ ਹੈ
ਸਾਡੇ ਘਰ ਵਰਗੇ
ਹਰ ਘਰ ਲਈ ਕ੍ਰਿਸ਼ਨਾ ਇਕ ਲੋੜ ਹੈ

ਕਿਸੇ ਦੂਜੇ ਸ਼ਹਿਰ ਵੱਸਦੀ ਕ੍ਰਿਸ਼ਨਾ ਦੀ ਮਾਂ ਕੋਲ
ਸਾਡਾ ਫ਼ੋਨ ਨੰਬਰ ਹੈ
ਕ੍ਰਿਸ਼ਨਾ ਫੋਨ ਉਠਾਉਂਦੀ
ਤੇ ਬੁੜਬੁੜਾਉਂਦੀ
ਝਾਈ! ਰਾਤੀਂ ਸ਼ਰਾਬੀ ਨੇ ਫਿਰ ਮਾਰਿਆ ਈ
ਸ਼ਰਾਬੀ ਦੀ ਸ਼ਿਕਾਇਤ ਕਰਦੀ
ਕ੍ਰਿਸ਼ਨਾ 'ਰੱਬ' ਦੀ ਗੱਲ ਵੀ ਕਰਦੀ

ਮੈਂ ਸਮਝ ਜਾਂਦਾ ਕ੍ਰਿਸ਼ਨਾਂ ਦੇ ਘਰ 'ਚ
ਸ਼ਰਾਬੀ ਨਾਲ ਰੱਬ ਵੀ ਰਹਿੰਦਾ ਹੈ
ਪਰ ਜਦ ਉਹ ਦੱਸਦੀ
ਰਾਤੀਂ ਸ਼ਰਾਬੀ ਨੇ ਰੱਬ ਨੂੰ ਵੀ ਮਾਰਿਆ
ਤਾਂ ਮੈਂ ਹੈਰਾਨ ਹੋ ਸੋਚਦਾ
ਜਿਸ ਘਰ ਵਿਚ ਰੱਬ ਵੀ ਸੁਰੱਖਿਅਤ ਨਹੀਂ
ਉਥੇ ਕ੍ਰਿਸ਼ਨਾ ਦਾ ਕੀ ਅਸਤਿਤਵ ਹੋਵੇਗਾ

ਕਦੀ-ਕਦੀ ਕ੍ਰਿਸ਼ਨਾ
ਸ਼ਰਾਬੀ ਨਾਲੋਂ ਨਾਤਾ ਤੋੜਨ ਦੀ ਗੱਲ ਵੀ ਕਰਦੀ
ਪਰ ਸ਼ਾਮ ਹੁੰਦਿਆਂ-ਹੁੰਦਿਆਂ
ਉਸ ਨੂੰ ਰੱਬ ਦਾ ਫ਼ਿਕਰ ਸਤਾਉਣ ਲੱਗਦਾ
ਤੇ ਉਹ ਵਾਪਸ 'ਘਰ' ਪਰਤ ਜਾਂਦੀ

ਕ੍ਰਿਸ਼ਨਾ ਦੇ ਤਨ 'ਤੇ ਅਕਸਰ
ਮੇਰੀ ਪਤਨੀ ਦਾ ਉਤਾਰ ਹੁੰਦਾ

ਮੈਂ ਸੋਚਦਾਂ—
ਕ੍ਰਿਸ਼ਨਾ ਵੀ ਕਦੀ ਬਜ਼ਾਜ਼ੀ ਦੀ ਦੁਕਾਨ ਤੋਂ
ਆਪਣੀ ਪਸੰਦ ਦਾ ਸੂਟ ਖਰੀਦਿਆ ਹੋਵੇਗਾ
ਜੇ ਨਹੀਂ ਤਾਂ ਖਰੀਦਣ ਦੀ ਚਾਹਤ ਤਾਂ ਰਹੀ ਹੋਵੇਗੀ
ਕਿ ਚਾਹਤ ਦੇ ਮਰ ਜਾਣ ਦਾ ਨਾਂ ਹੀ 'ਕ੍ਰਿਸ਼ਨਾ' ਹੈ
ਕ੍ਰਿਸ਼ਨਾ ਬਨਣਾ ਕਿੰਨਾ ਕਠਿਨ ਹੋਵੇਗਾ
ਕਿੰਨਾ ਸਹਿਜ ਹੋਵੇਗੀ ਉਸ ਦੇਸ਼ 'ਚ ਵੱਸਣਾ
ਜਿਥੇ ਕ੍ਰਿਸ਼ਨਾ ਵਰਗਿਆਂ ਦੀ ਬਹੁਤਾਤ ਹੈ

ਦੁੱਖ ਤੇ ਪੀੜਾ
ਉਸ ਦੇ ਨਕਸ਼ਾਂ 'ਚ ਇੰਝ ਰਚ-ਮਿਚ ਗਏ ਹਨ
ਕਿ ਉਹ ਹਰ ਅਵਸਥਾ 'ਚ ਸਹਿਜ ਦਿਸਦੀ ਹੈ
ਮੈਂ ਸੋਚਦਾਂ—
ਜੇ ਸਹਿਜ ਦੀ ਪ੍ਰਾਪਤੀ ਸੁਪਨਿਆਂ ਦੀ ਮੌਤ ਹੈ
ਤਾਂ ਜਿਊਂਦੇ ਸੁਪਨਿਆਂ ਨੂੰ ਕੀ ਨਾਂ ਦੇਈਏ
ਮੈਨੂੰ ਲੱਗਦਾ ਕ੍ਰਿਸ਼ਨਾ
ਹੰਢ ਚੁੱਕੀ ਜ਼ਿੰਦਗੀ ਦਾ ਮੋਇਆ ਸੁਪਨਾ ਹੈ

ਸ਼ਾਮ ਨੂੰ ਕ੍ਰਿਸ਼ਨਾ ਜਦ ਵਾਪਸ ਪਰਤਦੀ
ਉਸ ਕੋਲ ਬਹੇ ਖਾਣੇ ਦੇ ਲਿਫ਼ਾਫ਼ੇ
ਹੰਢੇ ਲਿਬਾਸ ਦੇ ਪੈਕਟ
ਤੇ ਢਲੇ ਦਿਨ ਦੀ ਥਕਾਵਟ ਹੁੰਦੀ
ਹਰ ਘਰ 'ਚੋਂ ਵਾਪਸ ਪਰਤ ਰਹੀ ਕ੍ਰਿਸ਼ਨਾ
ਇਹੀ ਅਸਬਾਬ ਢੋਅ ਰਹੀ ਹੁੰਦੀ
ਤੇ ਘਰ ਵਿਚ ਉਡੀਕ ਰਿਹਾ ਹੁੰਦਾ
ਸ਼ਰਾਬੀ ਤੇ ਰੱਬ

-

# ਜ਼ੀਰੋ

ਇਹ ਹਿੰਦਸੇ
ਭੈਣ ਭਰਾ ਮੇਰੇ
ਖੱਬੇ ਹੱਥ ਲੱਗ ਜਾਵਾਂ
ਜੇ ਇਨ੍ਹਾਂ ਦੇ
ਮੁੱਲ ਮੇਰਾ ਨਾ ਕੋਈ
ਖੱਬੀ ਸੋਚ ਕੋਲੋਂ ਮੈਂ ਪੁੱਛਾਂ
ਇਹ ਗੱਲ ਕੀ ਹੋਈ ?

ਪਰ ਜਦ ਸਰਕ ਜਾਵਾਂ
ਸੱਜੇ ਹਿੰਦਸੇ ਦੇ
ਬਹੁਮੁੱਲੀ ਹੋ ਜਾਵਾਂ
ਪੂੰਜੀਵਾਦ ਦਾ ਕੁੱਲ ਪਟਾਰਾ
ਖੁੱਲ੍ਹ ਜਾਵੇ
ਮੇਰੀ ਵਧਦੀ ਗਿਣਤੀ ਨਾਲ
ਇਹ ਜਰਬਾਂ ਖਾਵੇ

ਖੱਬੀ ਸੱਜੀ ਸੋਚ ਦੇ ਵਿਚ
ਮੈਂ ਪਿਸ ਰਹੀ ਹਾਂ
ਚਾਹੁੰਦੀ ਹਾਂ
ਬਣੀ ਰਹਾਂ ਮੈਂ ਜ਼ੀਰੋ

# ਜਾਪਾਨੀ ਕਵਿਤਾ ਦੇ ਸਾਥ 'ਚ

ਮੈਂ ਜਾਪਾਨੀ ਕਵਿਤਾ ਦੇ
ਪੰਜਾਬੀ ਅਨੁਵਾਦ ਨਾਲ
ਭਰ ਰਿਹਾ ਹਾਂ ਘੁੱਟ ਸ਼ਰਾਬ ਦੇ
ਤੁਸੀਂ ਨਫ਼ਰਤ ਦੇ ਘੁੱਟ ਭਰ ਰਹੇ
ਜਾਪਾਨੀ ਕਵਿਤਾ
ਮੇਰੇ ਸਵਾਲਾਂ ਦੇ ਜਵਾਬ ਦੇ ਰਹੀ
ਤੁਹਾਡੇ ਵਿਵਹਾਰ 'ਚ ਸਹਿਕ ਰਹੇ ਸਵਾਲ ਕਈ

ਤੁਸੀਂ ਤਿੱਖੀਆਂ ਆਰਾ 'ਤੇ ਤੁਰ ਰਹੇ
ਮੈਂ ਕੁਦਰਤ ਦੇ ਸਹਿਜ ਨੂੰ ਮਾਣ ਰਿਹਾ
ਤੁਸੀਂ ਮੇਰੇ ਹੀ ਵਰਗੇ ਹੋ
ਪਰ ਇਸ ਛਿਣ
ਮੈਂ ਤੁਹਾਥੋਂ ਬਿਹਤਰ ਹਾਂ ਹੋ ਰਿਹਾ
ਅੱਜ ਮੈਂ ਨਹੀਂ ਛੇੜਨਾ ਜ਼ਿਕਰ
ਤਲਖ਼ ਸੁਰਖ਼ੀਆਂ ਦਾ
ਨਾ ਕਰਨੀ ਗੱਲ ਕੋਈ ਮੌਸਮ ਦੀ
ਨਾ ਕ੍ਰਿਕਟ ਦੀ
ਅੱਜ ਮੈਂ ਤੁਹਾਡੇ ਨਾਲ ਕੋਈ ਸੰਵਾਦ
ਨਹੀਂ ਰਚਾਉਣਾ
ਤੁਹਾਡੇ ਕੋਲ ਦਲੀਲਾਂ ਦੇ ਅੰਬਾਰ ਨੇ
ਦਲੀਲਾਂ 'ਚ ਮਾਸੂਮੀਅਤ ਨਹੀਂ ਹੁੰਦੀ
ਅੱਜ ਮੇਰੇ ਕੋਲ ਜੁੜ ਬੈਠੇ ਨੇ ਮਾਸੂਮ ਛਿਣ
ਅੱਜ ਮੈਂ ਇਨ੍ਹਾਂ ਸੰਗ
ਸਿਰਫ਼ ਕਵਿਤਾ ਦੀ ਗੱਲ ਕਰਨੀ ਹੈ
ਤੁਸੀਂ ਕੱਲ੍ਹ ਨੂੰ ਆ ਜਾਇਓ
ਆਪਾਂ ਸਾਧਾਰਨ ਗੱਲਾਂ ਕਰਾਂਗੇ

## ਭੈਅ 'ਚ ਜੀਊਂਦਾ ਬੰਦਾ

ਭੈਅ 'ਚ ਜੀਊਂਦੇ ਬੰਦੇ ਕੋਲ
ਵਸਤਾਂ ਦੇ ਅਰਥ ਅਸੁਵਿਧਾ ਹੁੰਦੈ
ਸਵਾਲਾਂ ਦੇ ਜਵਾਬ
ਅੱਖਾਂ 'ਚ ਤੈਰਦੇ ਤਰਲੇ ਹੁੰਦੇ
ਰਿਸ਼ਤਿਆਂ ਦੇ ਅਰਥ ਪਰੰਪਰਾ ਹੁੰਦੇ
ਭੈਅ 'ਚ ਜੀਊਂਦਾ ਬੰਦਾ
ਜਿਊਣ ਦਾ ਭੈਅ ਪਾਲਦਾ

ਭੈਅ 'ਚ ਜੀਊਂਦਾ ਬੰਦਾ
ਕਿਉਂ ਜੀਊਂਦਾ
ਉਸ ਕੋਲ ਇਹ ਪ੍ਰਸ਼ਨ ਵੀ ਨਾ ਹੁੰਦਾ

ਭੈਅ 'ਚ ਜੀਊਂਦੇ ਬੰਦੇ ਕੋਲ
ਅਤੀਤ ਦਾ ਮਾਣ ਨਹੀਂ
ਵਰਤਮਾਨ ਦੀ ਹਯਾ ਹੁੰਦੀ

ਚਿੰਤਨ ਦੇ ਮੋਢਿਆਂ ਤੋਂ
ਸੁਪਨਾ, ਆਸ, ਵਿਸ਼ਵਾਸ, ਤਲਾਸ਼
ਗ਼ਾਇਬ ਹੁੰਦੇ
ਸਿਰਫ਼ ਭੈਅ ਹੁੰਦਾ
ਭੈਅ 'ਚ ਜੀਊਂਦੇ ਬੰਦੇ ਕੋਲ

ਭੈਅ 'ਚ ਜੀਊਂਦੇ ਬੰਦੇ ਦਾ ਸਿਰ
ਤਲੀ 'ਤੇ ਨਾ ਟਿਕਦਾ
ਪੈਰਾਂ 'ਚ ਰੁਲਦਾ

ਭੈਅ 'ਚ ਜੀਊਂਦੇ ਬੰਦੇ ਕੋਲ
ਕਵਿਤਾ ਨਹੀਂ
ਕਵਿਤਾ ਦਾ ਡਰ ਹੁੰਦਾ

# ਮੌਨ ਹੋ ਜਾਉ

ਰੁੱਸੋ, ਨਾਰਾਜ਼ ਹੋਵੋ
ਮੰਨੋ ਨਾ ਮਨਾਉ
ਦਿਲ ਦੀ ਹਰਕਤ 'ਚ ਆਬਾਦ ਰਹੋ

ਜੇ ਕੂ ਨਹੀਂ ਸਕਦੇ
ਕੂਆ ਨਹੀਂ ਸਕਦੇ
ਮੌਨ ਹੋ ਜਾਉ

ਨਫ਼ਰਤ ਦੇ ਅੰਗਿਆਰ ਠਰਨ ਦੇਵੋ
ਈਰਖਾ ਦੇ ਨਾਗ ਮਰਨ ਦੇਵੋ
ਇੰਝ ਹੀ ਲੰਘਣ ਦਿਉ ਰੁੱਤਾਂ
ਮਹੀਨਿਆਂ ਬਾਅਦ, ਸਾਲਾਂ ਬਾਅਦ
ਸਦੀਆਂ ਬਾਅਦ ਮੌਨ ਟੁੱਟੇਗਾ
ਅਤੀਤ ਜਾਗੇਗਾ ਲਹੂ ਦੇ ਸੇਕ 'ਚ
ਖੌਰੂ ਪਾਉਣਗੀਆਂ ਸਿਮਰਤੀਆਂ

ਯਾਦ ਆਏਗੀ
ਬਹੁਤ ਯਾਦ ਆਏਗੀ
ਉਸ ਰੁੱਸੇ ਯਾਰ ਦੀ
ਨਿੱਘੇ ਅਹਿਸਾਸ ਦੀ
ਗਲ ਨੂੰ ਆਉਣਗੀਆਂ ਬਾਹਾਂ...

# ਰੌਸ਼ਨ ਛਿਣ

ਦੀਵਾਲੀ ਤੋਂ ਅਗਲੇ ਦਿਨ
ਖੇਡਦੇ ਮਟਕਦੇ ਬੱਚੇ ਚੌਗਿਰਦੇ 'ਚ
ਮਨੋਰੰਜਨ ਦੇ ਛਿਣ ਢੂੰਡ ਰਹੇ
ਖੇਡ 'ਚ ਸ਼ਾਮਿਲ ਹੋ ਜਾਂਦੇ
ਪਿਛਲੀ ਰਾਤ ਜਗਦੇ ਰਹੇ
ਹੁਣ ਬੁਝ ਚੁੱਕੇ ਦੀਵੇ

ਤਰਤੀਬ 'ਚ ਸੱਜੇ ਦੀਵਿਆਂ ਨੂੰ
ਬੇਤਰਤੀਬੇ ਕਰਕੇ ਇਕ ਥਾਂ ਇਕੱਠੇ ਕਰਦੇ
ਫਿਰ ਖੇਡਦੇ ਉਨ੍ਹਾਂ ਨਾਲ
ਵਸਤਾਂ ਬਣਾਉਣ ਦੀ ਕਲਾ
ਆਪਣੀ ਕਲਪਨਾ ਦੇ ਸਾਰੇ ਰੰਗ
ਦੀਵਿਆਂ 'ਚ ਭਰ ਦਿੰਦੇ

ਇਕ ਬੱਚਾ 'ਡੀ' ਬਣਾਉਂਦਾ
ਦੂਜਾ 'ਆਈ'
ਇੰਜ ਬਣਾਉਂਦੇ ਅੱਖਰ ਦੂਜੇ
ਲਿਖ ਦਿੰਦ ਸ਼ਬਦ 'ਦੀਵਾਲੀ'

ਜਗਮਗ ਕਰ ਉੱਠਦੇ ਦੀਵੇ
ਬੀਤੀ ਰਾਤ ਲੰਘੀ ਦੀਵਾਲੀ
ਮੁੜ ਰੌਸ਼ਨ ਹੋ ਜਾਂਦੀ

# ਬਿਨ ਸਿਰਲੇਖ

ਕਿੰਨਾ ਅਜੀਬ ਲੱਗਦਾ ਹੈ
ਕਵਿਤਾ ਲਿਖਣ ਤੋਂ ਪਹਿਲਾਂ ਸੋਚਣ ਲੱਗ ਪੈਣਾ
ਉਸ ਦਾ ਸਿਰਲੇਖ
ਜਿਵੇਂ ਕੋਈ ਵਿਆਹ ਤੋਂ ਪਹਿਲਾਂ
ਹੋਣ ਵਾਲੇ ਬੱਚੇ ਦਾ ਨਾਂ ਸੋਚ ਲਵੇ
ਸੁਪਨਾ ਆਉਣ ਤੋਂ ਪਹਿਲਾਂ
ਉਸ ਦਾ ਆਕਾਰ ਘੜ ਲਵੇ
ਮੁਹਾਂਦਰਾ ਸਿਰਜ ਲਵੇ

ਬਿਨਾਂ ਮੁਹਾਂਦਰੇ ਤੋਂ ਵੀ ਹੋ ਸਕਦਾ ਹੈ ਸੁਪਨਾ
ਨਕਸ਼ ਵਿਹੂਣੇ ਰਿਸ਼ਤੇ ਵਾਂਗ
ਬਿਨਾਂ ਲੋਰੀ ਤੋਂ—ਬਿਨਾਂ ਅਸੀਸ ਤੋਂ
ਬੀਤ ਗਈ ਹੋਵੇ ਜਿਵੇਂ ਜ਼ਿੰਦਗੀ
ਹੋਣ ਨੂੰ ਤਾਂ ਹੋ ਸਕਦਾ ਹੈ
ਹੋਰ ਵੀ ਬੜਾ ਕੁਝ
ਹਉਕੇ ਵਰਗਾ ਹਾਸਾ—ਵੈਣਾਂ ਵਰਗਾ ਗੀਤ
ਹਨੇਰੇ 'ਚ ਸੁੱਤਾ ਸੂਰਜ
ਚਾਨਣ 'ਚ ਜਾਗਦੀ ਮੱਸਿਆ
ਬਿਨਾਂ ਜੀਵਿਆਂ ਵੀ ਬੀਤ ਜਾਂਦੀ ਹੈ ਜ਼ਿੰਦਗੀ
ਬਿਨਾਂ ਸੋਚਿਆਂ ਵੀ ਤੁਰਦੀ ਰਹਿੰਦੀ ਹੈ ਸੋਚ
ਇਕ ਉਮਰ ਦੇ ਹਿੱਸੇ ਨਹੀਂ ਵੀ ਆਉਂਦੇ
ਖ਼ੁਸ਼ੀਆਂ—ਹਾਸੇ—ਚਾਅ
ਕੋਰੇ ਪੰਨਿਆਂ ਵਾਲਾ ਵੀ ਹੋ ਸਕਦਾ ਹੈ ਕੋਸ਼
ਰੂਹਾਂ ਤੋਂ ਸੱਖਣੇ ਵੀ ਹੁੰਦੇ ਨੇ ਜਿਸਮ
ਹੋਰ ਵੀ ਕਈ ਕੁਝ ਕਈ ਕੁਝ ਬਿਨਾਂ
ਹੋ ਸਕਦਾ ਹੈ
ਤਾਂ ਕਿਉਂ ਨਹੀਂ ਹੋ ਸਕਦੀ
ਬਿਨ ਸਿਰਲੇਖ ਕਵਿਤਾ

ਕਠਿਨ ਹੋ ਰਹੀ ਕਵਿਤਾ ਨਾਲ ਵਫ਼ਾਦਾਰੀ
ਦੂਰ ਜਾ ਰਹੀ ਕਵਿਤਾ ਸਾਥੋਂ
ਵਿਸਰ ਰਹੇ ਨਿੰਮ, ਬੋਹੜ, ਪਿੱਪਲ
ਵਿਸਰ ਰਹੀ ਛਾਂ ਘਣੀ
ਚੁਮਾਸਿਆਂ ਦਾ ਬਦਲ, ਵਾਤਾਨੁਕੂਲ ਕਮਰੇ ਬਣ ਰਹੇ
ਰਿਸ਼ਤਿਆਂ ਦਾ ਬਦਲ, ਇੰਟਰਨੈੱਟ 'ਚ ਅਨੁਵਾਦ ਹੋ ਰਿਹਾ

ਪਥਰਾਈ ਮਮਤਾ, ਕਿੱਟੀ ਪਾਰਟੀਆਂ 'ਚ ਚਹਿਕ ਰਹੀ
ਪਰਮ ਪਿਤਾ, ਮੰਡੀ ਦੇ ਸ਼ੋਰ 'ਚੋਂ ਭਾਲ ਰਿਹਾ
ਛਿਣ ਖ਼ੁਸ਼ੀ ਦੇ
ਸ਼ਾਇਰ ਅੰਦਰ ਜਾਗ ਰਹੇ
ਪੰਜ ਸਦੀਆਂ ਪੁਰਾਣੇ ਪੁਰਖੇ
ਨਵੀਂ ਪੀੜ੍ਹੀ ਕੋਲੋਂ
ਵਿਸਰ ਰਹੇ ਜਿਊਂਦੇ ਪੁਰਖੇ
ਉੱਡਣ ਦੀ ਉਡੀਕ 'ਚ ਬੈਠੇ ਗਾਹ
ਹਵਾਵਾਂ ਦਾ ਸਿਰਨਾਵਾਂ ਭੁੱਲ ਗਏ
ਧੀਮੀ ਗਤੀ ਦੇ ਵਿਕਾਸ ਦਾ ਸੁਹਜ
ਕਾਹਲੀ ਦੇ ਪਹੀਆਂ ਹੇਠ ਮਸਲਿਆ ਗਿਆ
ਮੋਰੀ ਵਾਲਾ ਪੈਸਾ, ਧੇਲਾ ਤੇ ਚੁਆਨੀ
ਵਿਸਰਿਆ ਇਤਿਹਾਸ ਬਣ ਗਏ
ਦੌਲਤ ਦੇ ਅੰਬਾਰ ਹੇਠ
ਦਮ ਤੋੜ ਗਈ ਜ਼ਮੀਰ
ਸ਼ਾਇਰਾਂ ਕਵਿਤਾ ਨੂੰ
ਜੁਗਾੜਬੰਦੀਆਂ ਦੇ ਖੰਭੇ ਲੁਆ ਲਏ
ਕਵਿਤਾ ਦੇ ਝੂਠ 'ਤੇ ਸਵਾਰ ਹੋ
ਘੁੰਮ ਆਏ ਪੱਛਮ, ਯੂਰਪ
ਖ਼ਾਲੀ ਅਟੈਚੀਆਂ ਦੇ ਮੂੰਹ ਆਫ਼ਰ ਗਏ

ਬਨਾਵਟੀ ਰਿਸ਼ਤਿਆਂ ਦੀ ਹਾਜ਼ਰੀ ਭਰਦਿਆਂ
ਵਿਸਰ ਗਏ ਰਿਸ਼ਤੇ ਲਹੂ ਦੇ
ਕੀਹਨੂੰ ਸਿਰਲੇਖ ਦੇਈਏ
ਕਵਿਤਾ, ਰਿਸ਼ਤੇ, ਵਿਰਾਸਤ
ਸਭ ਬਿਨ ਸਿਰਲੇਖ ਹੋ ਗਏ

ਕਵਿਤਾ ਦੀ ਗੱਲ ਕਰਦਿਆਂ
ਹੋ ਜਾਂਦੀ ਗੱਲ ਭਿੰਡੀ ਦੀ
ਸਤਰਾਂ 'ਚ ਰਿੜਦੇ ਖ਼ਰਬੂਜ਼ੇ
ਚੌਰਸ ਹੋ ਜਾਂਦੇ
ਰਾਤੀਂ ਜੋ ਚੜ੍ਹੇ ਸੀ ਸੂਰਜ
ਦਿਨੇ ਰਾਜ਼ੀਨਾਵਾਂ ਕਰ ਲੈਂਦੇ
ਬਦਲ ਜਾਂਦੇ ਅਰਥ ਰਿਸ਼ਤੇ ਦੇ
ਵਿਰਾਸਤ ਕਮਾਊ ਪੁੱਤ ਬਣ ਜਾਂਦੀ
ਵਿਰੋਧ ਵਿਚੋਂ ਫੁੱਟ ਪੈਂਦੀ ਸਾਂਝ ਸੁਆਰਥੀ

ਹੋਰ ਵੀ ਵਾਪਰ ਜਾਂਦਾ ਬੜਾ ਕੁਝ
ਕਵਿਤਾ ਦੇ ਸੁਹਜ ਤੋਂ ਵੱਖਰਾ
ਪਰ ਤੁਰਦੀ ਰਹਿੰਦੀ ਜ਼ਿੰਦਗੀ
ਪੁੰਗਰਦੀ ਰਹਿੰਦੀ ਕਵਿਤਾ

ਬਿਨ ਸਿਰਲੇਖ ਰਹਿਣ ਦੇਈਏ
ਸ਼ਿਲਪ ਘਾੜਿਆਂ ਦਾ ਆਹਰ ਬਣੀ
ਬੇਚਾਰੀ ਪਥਰਾਈ ਕਵਿਤਾ

-

# ਸੈਰ ਕਰਦਿਆਂ

ਸੈਰ ਕਰਦਿਆਂ ਆਥਣੇ
ਸੁਣਿਆ ਸ਼ੋਰ ਟਟ੍ਹੀਰੀ ਟੱਬਰ ਦਾ
ਅਰਥ ਖੋਜੇ ਤਾਂ ਜਾਣਿਆਂ
ਉਨ੍ਹਾਂ ਨੂੰ ਰੜਕ ਰਹੀ ਮੇਰੀ ਮੌਜੂਦਗੀ
ਆਪਣੇ ਨਵ-ਜਨਮੇ ਦੀ ਸੁਰੱਖਿਆ ਦਾ
ਭੈਅ ਉਨ੍ਹਾਂ ਨੂੰ ਖਾ ਰਿਹਾ

ਕਿਹੋ ਜਿਹਾ ਕੌੜਮਾਂ ਟਟੀਰੀਆਂ ਦਾ
ਰੜੇ ਮੈਦਾਨ ਦੇਣ ਅੰਡੇ
ਪਾਲਣ ਬੱਚੇ ਰਲ ਟੱਬਰ ਸਾਰਾ
ਸੁਰੱਖਿਆ ਕਵਚ ਬਣਾਵੇ
ਸ਼ੋਰ ਮਚਾਵੇ
ਸੁਣ ਉਨ੍ਹਾਂ ਦਾ ਸ਼ੋਰ ਗੁਸੀਲਾ
ਤੇ ਹਮਲਾਵਰ ਉਡਾਰੀਆਂ
ਮੈਨੂੰ ਹੋਂਦ ਮੇਰੀ
ਖ਼ੌਫ਼ ਦਾ ਲਿਬਾਸ ਲੱਗੀ
ਛੱਡ ਦਿੱਤੀ ਮੈਂ ਉਹ ਥਾਂ
ਸ਼ਾਂਤ ਹੋ ਗਏ ਪਰਿੰਦੇ
ਸਹਿਜ ਹੋ ਗਈਆਂ
ਕਿਲਕਾਰੀਆਂ ਤੇ ਉਡਾਰੀਆਂ
ਖ਼ੌਫ਼ ਦੇ ਨਕਸ਼ਾਂ ਵਾਲਾ ਹਰ ਵਸਤ ਵਰਤਾਰਾ
ਜੇ ਇੰਝ ਹੀ ਰੁਖ਼ਸਤ ਹੋ ਜਾਵੇ
ਸਹਿਜ ਹੋ ਜਾਵੇ ਦੁਨੀਆ
ਕੁਦਰਤ ਨਿਹਾਲ ਹੋ ਜਾਵੇ

## ਨਵਾਂ ਸਭਿਆਚਾਰ

ਨਵੀਂ ਕਲੋਨੀ, ਕੋਠੀਆਂ
ਨਵੇਂ ਲੋਕ, ਅਨਜਾਣ
ਬਣਾ ਰਹੇ ਥੋੜੀ-ਥੋੜੀ ਪਛਾਣ
ਨਵੀਆਂ ਸਾਂਝਾਂ, ਭਾਈਚਾਰਾ ਹੋਂਦ ਵਿਚ ਆ ਰਿਹਾ

ਇਕ ਸਰਦਾਰ
ਕੁੱਤਿਆਂ ਨੂੰ ਲੈ ਕੇ ਨਿਕਲਦਾ ਬਾਹਰ
ਕਲੋਨੀ ਵਿਚ ਬੱਸ—ਇਹ ਸੀ ਉਸਦੀ ਪਛਾਣ

ਫਿਰ ਇਕ ਦਿਨ ਖ਼ਬਰ ਆਈ
ਗੁਜ਼ਰ ਗਿਆ ਸਰਦਾਰ
ਕੋਠੀ ਮੂਹਰਿਓਂ ਲੰਘਦੇ ਲੋਕ ਬਿੜਕਾਂ ਲੈਂਦੇ
ਨਾ ਕੋਈ ਚੀਕ ਚਿਹਾੜਾ
ਨਾ ਰੋਣਾ ਧੋਣਾ
ਬਸ ਸੋਗੀ ਜਿਹੀ ਚੁੱਪ ਦਾ ਪਾਸਾਰ

ਕੌਣ ਸੀ ਉਹ ਸਰਦਾਰ
ਕੀ ਸੀ ਉਸਦਾ ਕਾਰੋਬਾਰ
ਕਿੰਨੇ ਬੱਚੇ ਸਨ ਉਸ ਦੇ
ਕੀ ਹੈ ਉਨ੍ਹਾਂ ਦਾ ਵਿਵਹਾਰ
ਜ਼ਿਹਨ 'ਚ ਘੁੰਮ ਰਹੇ ਸਵਾਲ

ਚੀਖਾਂ ਨਾਲ ਭਰੀ
ਸਹਿਜ ਦਿਸਦੀ ਕੋਠੀ ਦੇ ਬਾਹਰ
ਨਾ ਨਜ਼ਰੀਂ ਪੈਂਦੇ
ਹੁਣ ਕੁੱਤੇ
ਨਾ ਸਰਦਾਰ
ਨਵੇਂ ਵਕਤਾਂ 'ਚ, ਨਵੀਂ ਕਲੋਨੀ ਦਾ
ਇਹ ਨਵਾਂ ਸਭਿਆਚਾਰ

## ਤੁਸੀਂ ਬਿਹਤਰ ਹੋ

ਗੁਰਬਤ ਨਾਲ ਜੂਝਦੇ
ਲੋਕਾਂ ਦਾ ਇਕੱਠ ਕੀਤਾ
ਦੱਸਿਆ ਗਿਆ
ਚਾਲੀ ਕਰੋੜ ਲੋਕਾਂ ਕੋਲ
ਸਾਫ਼ ਪਾਣੀ ਨਹੀਂ ਪੀਣ ਲਈ
ਸ਼ੁੱਧ ਹਵਾ ਨਹੀਂ ਸਾਹ ਲੈਣ ਲਈ
ਤੁਸੀਂ ਬਿਹਤਰ ਹੋ
ਸਾਫ਼ ਪਾਣੀ, ਸ਼ੁੱਧ ਹਵਾ
ਅੰਗ ਸੰਗ ਹੈ ਤੁਹਾਡੇ
ਤੁਸੀਂ ਬਿਹਤਰ ਹੋ

ਸੁਣ ਕੇ ਕੁਝ ਚੰਗਾ ਮਹਿਸੂਸ ਕਰਨ ਲੱਗੇ
ਕੁਝ ਪੋਟਾ ਪੋਟਾ ਭੁਰਨ ਲੱਗੇ
ਭਵਿੱਖ, ਅੰਧਕਾਰ 'ਚ ਡੁੱਬਦਾ
ਜ਼ਿਹਨ ਮਲ ਬੈਠਾ
ਹਵਾ, ਪਾਣੀ ਤੋਂ ਮਹਿਰੂਮ
ਉਨ੍ਹਾਂ ਚਾਲੀ ਕਰੋੜ ਲੋਕਾਂ ਵਰਗਾ

# ਕਵਿਤਾ ਦਾ ਫ਼ਿਕਰ

ਸਦੀ ਦਾ ਮੁਹਾਂਦਰਾ ਨਵਾਂ
ਦੰਭੀ, ਕਠੋਰ ਨਕਸ਼ਾਂ ਵਾਲਾ
ਕਵਿਤਾ ਦਾ ਫ਼ਿਕਰ ਬਣ ਰਿਹਾ
ਵਧ ਰਹੇ ਤਾਪਮਾਨ ਦਾ
ਗਲੋਬਲੀ ਫ਼ਿਕਰ
ਕਮਰੇ ਅੰਦਰਲੇ ਹੁੰਮਸ 'ਚ
ਅਨੁਵਾਦ ਹੋ ਰਿਹਾ
ਗਲੋਬਲੀ ਫ਼ਿਕਰ ਬਣ ਰਹੇ
ਫ਼ਿਕਰ ਵਿਹੜੇ ਦੇ

ਗਲੋਬਲੀ ਵਰਤਾਰਿਆਂ ਨਾਲ
ਬਦਲ ਵਿਗੜ ਰਹੇ
ਨਕਸ਼ ਘਰਾਂ ਦੇ
ਅਰਥ ਰਿਸ਼ਤਿਆਂ ਦੇ
ਪੂੰਜੀ ਦੇ ਪੰਜੇ
ਪੈਰੋ-ਪੈਰ ਪਸਰ ਰਹੇ
ਸੋਚ, ਸੰਬੰਧ, ਸ਼ਬਦ, ਸਲੀਕੇ 'ਚ

ਵਿਕਾਸ ਦੇ ਅੰਨ੍ਹੇ ਵੇਗ ਮੂਹਰੇ
ਕਤਲ ਹੋ ਰਹੀ ਕੁਦਰਤ
ਪੱਥਰ ਹੋ ਰਹੀ ਸੰਵੇਦਨਾ
ਮਰ ਮੁੱਕ ਰਹੀ ਮਮਤਾ
ਵੱਧ ਫੁੱਲ ਰਹੇ ਫ਼ਿਕਰ

ਫ਼ਿਕਰਾਂ ਦੇ ਇਹ ਝੁੰਡ
ਗਿਰਝਾਂ ਵਾਂਗ ਉੱਤਰ ਰਹੇ
ਕਵਿਤਾ ਦੀ ਹਰੀ ਸ਼ਾਖ਼ 'ਤੇ...

# ਕਾਵਿ-ਕਿਤਾਬ

ਉਸ ਦਾ ਕਾਵਿ-ਸੰਗ੍ਰਹਿ ਛਪਿਆ
ਕਵਿਤਾ ਉਸ ਨੂੰ
ਘਰੋਂ ਦੂਰ
ਚਹੁੰ ਦਿਸ਼ਾਵੀਂ ਲੈ ਗਈ
ਕਵਿਤਾ ਦਾ ਚਾਅ
ਉਸ ਟੱਬਰ ਵਿਚਲੇ
ਉਨ੍ਹਾਂ ਜੀਆਂ ਨਾਲ ਵੀ ਸਾਂਝਾ ਕੀਤਾ
ਜਿਨ੍ਹਾਂ ਲਈ ਕਵਿਤਾ
ਸ਼ਬਦਾਂ ਦਾ ਅਰਥਹੀਣ ਖਿਲਾਰਾ ਸੀ
ਪਰ ਮੋਈ ਮਾਂ ਨੂੰ ਕੀਤਾ
ਪੁਸਤਕ ਦਾ ਸਮਰਪਣ
ਉਨ੍ਹਾਂ ਨੂੰ ਆਪਣਾ ਲੱਗਾ
ਮਾਂ ਕਿ ਜਿਸ ਦਾ ਰਿਸ਼ਤਾ
ਟੱਬਰ ਦੀਆਂ ਦਹਿਲੀਜ਼ਾਂ ਤੋਂ ਪਾਰ
ਕੋਠੜੀਆਂ ਤਕ ਜੁੜਦਾ ਸੀ
ਸੌ ਪੰਨਿਆਂ ਵਾਲੀ ਪੁਸਤਕ ਦਾ
ਸਮਰਪਣ ਵਾਲਾ ਪੰਨਾ ਹੀ
ਉਨ੍ਹਾਂ ਲਈ ਕਾਵਿ-ਕਿਤਾਬ ਸੀ

## ਆਨੰਦ ਦੇ ਦੋ ਨਕਸ਼

ਸ਼ਾਮ ਦੀ ਸੈਰ ਤੋਂ ਪਰਤ ਕੇ
ਕਵਿਤਾ ਦੇ ਕਿਨਾਰੇ ਬੈਠਣਾ
ਨਸ਼ੇ ਦੀ ਛਾਂ ਹੇਠ
ਕਵਿਤਾ ਦੀ ਕਾਇਆ 'ਚੋਂ
ਪ੍ਰਸ਼ਨ ਤਲਾਸ਼ਣੇ
ਪ੍ਰਸ਼ਨਾਂ ਦੇ ਜੰਗਲ 'ਚੋਂ ਭਾਲ ਲੈਣੀ
ਕਵਿਤਾ ਇਕ ਹੋਰ ਨਵੀਂ

ਹੌਲੀ-ਹੌਲੀ ਅੰਦਰ ਉਤਰਨੀ ਸ਼ਰਾਬ
ਹੌਲੀ-ਹੌਲੀ ਸਾਕਾਰ ਹੋਣੀ ਕਵਿਤਾ
ਰਾਤ ਦੇ ਖਾਣੇ ਤੋਂ ਬਾਅਦ
ਨੀਂਦ 'ਚੋਂ ਖ਼ਾਬ ਲੱਭਣ ਤੁਰ ਪੈਣਾ
ਇਹ ਮੇਰਾ ਆਨੰਦ ਹੈ

ਉਸਦਾ ਆਨੰਦ ਹੈ
ਵੱਟੋ-ਵੱਟ ਹੋਏ ਘਰ ਨੂੰ ਸੰਵਾਰਨਾ
ਜੀਆਂ ਦੀਆਂ ਲੋੜਾਂ ਥੀਂ ਗੁਜ਼ਰਨਾ
ਚੁੱਲ੍ਹੇ ਚੌਂਕੇ ਸੰਗ ਸੰਵਾਦ ਰਚਾਉਣਾ
ਸਜਦੇ 'ਚ ਬੈਠ
ਰੱਬੀ ਬਾਣੀ ਦਾ ਪਾਠ ਕਰਨਾ
ਜੀਆਂ ਦੀ ਸੁੱਖ ਮੰਗਣੀ
ਰਾਤ ਦੇ ਖਾਣੇ ਤੋਂ ਬਾਅਦ
ਨੀਂਦ 'ਚੋਂ
ਅਧੂਰੇ ਘਰ ਦੀ ਪੂਰਤੀ ਦੇ ਖ਼ਾਬ ਵੇਖਣੇ

ਇਕੋ ਘਰ ਅੰਦਰ
ਆਨੰਦ ਦੇ ਇਹ ਦੋ
ਸਮਾਂਤਰ ਨਕਸ਼ ਹਨ

## ਪਾਣੀ

ਨਾ ਕੋਈ ਰੰਗ, ਆਕਾਰ ਸਵਾਦ
ਨਾ ਮਜ਼੍ਹਬ, ਧਰਮ ਤੇ ਜਾਤ
ਨਾ ਕਾਮਨਾ, ਮਰਜ਼ੀ ਜਾਂ ਇੱਛਾ
ਪਾਣੀ ਤਾਂ ਵੱਲ ਨਿਵਾਣਾਂ ਵਹਿੰਦਾ

ਕੁਦਰਤ ਦੀ ਨਿਮਰਤਾ ਦਾ ਨਕਸ਼
ਹਰ ਮੌਸਮ ਨੂੰ ਮਾਣੇ, ਝੱਲੇ
ਠੋਸ—ਤਰਲ—ਗੈਸ—ਠੋਸ
ਹੋਣ ਦੀ ਮੁਹਾਰਤ ਜਾਣਦਾ
ਪਹਾੜਾਂ ਤੋਂ ਸਮੁੰਦਰ ਤੱਕ ਦੇ ਸਫ਼ਰ ਦਾ
ਰਸਤਾ ਪਹਿਚਾਣਦਾ

ਪਾਣੀ ਰੁੱਖ ਨੂੰ ਸਿੰਜਦਾ
ਰੁੱਖ ਬੱਦਲ ਨੂੰ ਬੁਲਾਉਂਦਾ
ਬੱਦਲ ਪਾਣੀ ਬਰਸਦਾ
ਮਨੁੱਖ ਦੀ ਉਂਗਲ ਫੜ
ਖੇਤ ਖਲਿਆਣਾਂ 'ਚ ਤੁਰਿਆ ਫਿਰਦਾ
ਅੰਨ ਉਪਜਦਾ, ਤਨ ਰੱਜਦਾ, ਮਨ ਖਿੜਦਾ

ਪਰ ਪਾਣੀ ਹਮੇਸ਼ਾ
ਸੁਖਦ ਅਹਿਸਾਸ ਦਾ ਨਾਂਅ ਨਹੀਂ ਹੁੰਦਾ
ਬੇਕਾਬੂ ਹੋਇਆ ਪਾਣੀ
ਤਬਾਹੀ ਦੀਆਂ ਪੈੜਾਂ ਛੱਡਣਾ ਵੀ ਜਾਣਦਾ
ਪੱਤੇ 'ਤੇ ਟਿਕਿਆ ਸ਼ਬਨਮ ਹੁੰਦਾ
ਪਹਾੜ 'ਤੇ ਜੰਮਿਆ ਹਿਮ
ਅੱਖ 'ਚੋਂ ਸਿੰਮਿਆ ਹੰਝੂ ਹੁੰਦਾ
ਧਰਤੀ ਦੀ ਹਿੱਕ 'ਤੇ ਵਹਿੰਦਾ ਦਰਿਆ

ਜਿਥੇ ਸਾਰੀ ਕਾਇਨਾਤ ਦ੍ਰਵਿਤ ਹੋ ਜਾਵੇ
ਉਹ ਸਮੁੰਦਰ ਦਾ ਮੁਹਾਂਦਰਾ ਬਣ ਜਾਵੇ

ਮਨੁੱਖ ਦੀਆਂ ਜ਼ਿਆਦਤੀਆਂ ਸਹਿੰਦਾ
ਉਸ ਨੂੰ ਨਤੀਜੇ ਭੁਗਤਣ ਲਈ ਵੀ ਕਹਿੰਦਾ
ਪਰ ਉਸ ਦੇ ਕਹਿਣ ਦਾ ਆਪਣਾ ਅੰਦਾਜ਼
ਜਾਣਦਾ ਇਸੇ ਜੀਵ ਦੀ ਲੋੜ ਹਾਂ
ਜੋ ਪਾਣੀ 'ਚ ਜ਼ਹਿਰੀਲੇ ਸਵਾਦ ਘੋਰ ਰਿਹਾ
ਪਾਣੀ ਤੋਂ ਖ਼ੁਦ ਦੂਰੀਆਂ ਸਿਰਜ ਰਿਹਾ

ਪਾਣੀ ਖ਼ਾਤਰ
ਪਾਣੀਉਂ ਪਾਣੀ ਹੋਇਆ ਫਿਰਦਾ ਮਨੁੱਖ
ਮਨੁੱਖ ਨੂੰ ਸੁਣਾਈ
ਸਜ਼ਾ ਦਾ ਪਹਿਲਾ ਨਕਸ਼ ਹੋਵੇਗਾ
ਫਿਰ ਨਕਸ਼ ਦਰ ਨਕਸ਼ ਚਿਹਰਾ ਬਣੇਗਾ
ਕੁਦਰਤ ਤੇ ਮਨੁੱਖ ਵਿਚਲਾ ਫ਼ਾਸਲਾ
ਪ੍ਰਕਾਸ਼ ਸਾਲਾਂ 'ਚ ਫੈਲ ਜਾਵੇਗਾ

ਤਦ ਤਪਦੇ ਥਲ 'ਚ ਭਟਕਦੇ ਮਨੁੱਖ ਨੂੰ
ਪਾਣੀ ਦਾ ਚੇਤਾ ਬਹੁਤ ਆਵੇਗਾ

# ਦੋਸਤੀ ਦੇ ਨਵੇਂ ਮੁਹਾਂਦਰੇ ਨੂੰ

ਮੇਰੇ ਦੋਸਤੋ
ਤੁਸੀਂ ਇੰਝ ਹੀ ਦਿੰਦੇ ਰਹੋ
ਤਾਹਨੇ, ਮਿਹਣੇ, ਗਾਲ੍ਹਾਂ
ਕਰੋ ਗਿਲੇ ਸ਼ਿਕਵੇ ਸ਼ਿਕਾਇਤਾਂ
ਟਕਰਾਉਂਦੇ ਰਹੋ ਜਾਮ ਜ਼ਿੰਦਗੀ ਦੇ
ਮੈਂ ਤੁਹਾਡੀ ਮੁਹੱਬਤ ਦੀ ਸਤਰੰਗੀ ਝੂਲਦਾ
ਅੰਬਰ ਸੰਗ ਸੰਵਾਦ ਰਚਾਉਂਦਾ
ਜੋ ਅੱਖਾਂ ਤੁਹਾਡੀਆਂ 'ਚ
ਨਾ ਵੀ ਲਿਸ਼ਕ ਸਕਿਆ
ਟੁੱਟਦੇ ਤਾਰੇ ਦੀ ਲੋ ਬਣ ਕੇ
ਦਹਿਲੀਜ਼ 'ਤੇ ਟੰਗੀ ਉਡੀਕ ਦੀ ਤਾਂਘ
ਜ਼ਰੂਰ ਬਣਿਆ ਰਹਾਂਗਾ

ਤੁਸੀਂ ਮੇਰੀ ਮੁਹੱਬਤ ਦੇ ਨਵੇਂ ਮੁਹਾਂਦਰੇ
ਮੁਹੱਬਤਾਂ ਦੇ ਜਾਮ ਟਕਰਾਉਂਦੇ
ਇੰਝ ਹੀ ਬਣੇ ਰਹੀਏ
ਇਕ ਦੂਜੇ ਲਈ ਸਬੱਬ ਜੀਣ ਦੇ

ਹਰ ਰਿਸ਼ਤਾ ਨਹੀਂ ਹੁੰਦਾ ਮੁਥਾਜ਼ ਖ਼ੂਨ ਦਾ
ਖ਼ੂਨ ਨਾਲੋਂ ਸੰਘਣੇ ਵੀ ਹੁੰਦੇ ਨੇ ਰਿਸ਼ਤੇ ਕਈ
ਮੁਹੱਬਤ ਦੇ ਨਕਸ਼ਾਂ 'ਚੋਂ ਸਾਕਾਰ ਹੁੰਦੇ
ਰਿਸ਼ਤਿਆਂ 'ਚ ਵੀ ਧੜਕਦੀ ਹੈ ਜ਼ਿੰਦਗੀ
ਕੱਲ੍ਹ ਆਪਾਂ ਓਪਰੇ ਸਾਂ ਇਕ ਦੂਜੇ ਲਈ
ਅੱਜ ਵੀ ਓਪਰਾ ਹੈ ਖ਼ੂਨ ਆਪਣਾ
ਪਰ ਰਿਸ਼ਤਿਆਂ 'ਚ ਅਪਣੱਤ ਗੂੰਜ ਰਹੀ
ਮੋਹ ਦੇ ਦਰ ਦਰਵਾਜ਼ੇ ਖੋਲ੍ਹ ਰਹੀ
ਲਿਖ ਰਹੀ ਨਵੀਆਂ ਸਾਂਝਾਂ ਦੀਆਂ ਇਬਾਰਤਾਂ

ਸਾਕਾਰ ਹੋ ਰਹੇ ਨਕਸ਼ ਨਵੀਂ ਸਦੀ ਦੇ
ਨਵੀਂ ਕੁਦਰਤ ਬਰੂਹਾਂ ਮੂਹਰੇ ਮੌਲ ਰਹੀ

ਕੁਝ ਰਿਸ਼ਤਿਆਂ ਦੇ ਦੰਭ ਤੁਸੀਂ ਵੀ ਹੰਢਾ ਰਹੇ
ਕੁਝ ਰਿਸ਼ਤਿਆਂ ਦੇ ਮੱਕਾਰ ਮੈਂ ਵੀ ਸਹਿ ਰਿਹਾ
ਮੁਸਾਫ਼ਰਾਂ ਵਰਗੇ ਆਪਾਂ ਨਿੱਘ ਦੇ ਕਿਨਾਰੇ ਬੈਠ
ਮੋਹ ਦੇ ਸੁਰ ਸੁਣ ਗਾ ਰਹੇ
ਵੇਖ ਰਹੇ ਸੁਪਨੇ ਭਵਿੱਖ ਦੇ
ਪਿੰਡ 'ਚ ਭੁੱਲ ਗਏ ਰਿਸ਼ਤਿਆਂ ਦੇ
ਇਕ ਦੂਜੇ 'ਚੋਂ ਨਕਸ਼ ਤਲਾਸ਼ ਰਹੇ
ਤੁਸੀਂ ਮੇਰੀ ਕਵਿਤਾ ਦੇ ਬਿੰਬ ਨਵੇਂ
ਜਿਸ ਦਿਨ ਜ਼ਾਤ ਮੇਰੀ ਨੂੰ ਮੁਖ਼ਾਤਬ ਹੋ
ਗਾਲ੍ਹ ਤੁਸਾਂ ਮੈਨੂੰ ਦਿੱਤੀ
ਨਿਰਛਲ ਹੋ ਜਾਵੇਗੀ ਉਸ ਦਿਨ ਦੋਸਤੀ
ਫਿਰ ਜਾਤਾਂ ਆਪਣੀਆਂ
ਹਾਸਿਆਂ 'ਚ ਗੂੰਜ ਰਾਖ ਹੋ ਜਾਇਆ ਕਰਨਗੀਆਂ

ਜਿਸ ਦਿਨ ਆਪਾਂ ਧੀਆਂ ਧਿਆਣੀਆਂ ਦੇ
ਸਿਰ 'ਤੇ ਹੱਥ ਧਰ ਮੱਥੇ 'ਤੇ ਚੁੰਮਣ ਧਰਾਂਗੇ
ਰਿਸ਼ਤਾ ਆਪਣਾ ਸੱਤ ਪੀੜ੍ਹੀਆਂ ਗੂੜ੍ਹਾ ਹੋ ਜਾਏਗਾ
ਜਿਸ ਦਿਨ ਮੈਂ ਸਾਂਝੇ ਕਰਾਂਗਾ
ਗੁਰਬਤ ਹੰਢਾਉਂਦੀ ਰਹੀ ਮਾਂ ਦੀ ਬੇਵਸੀ ਦੇ ਗੀਤ
ਆਪਣੀ ਜ਼ੈਲਦਾਰਨੀ ਮਾਂ ਦੇ ਗੁਣ ਗਾਉਂਦੇ
ਤੁਸੀਂ ਮੇਰੀ ਮਾਂ ਦੀ ਬੇਵਸੀ 'ਤੇ ਮਾਣ ਕਰੋਗੇ
ਥੋੜੀ ਥੋੜੀ ਫਿੱਕੀ ਪੈ ਰਹੀ ਦੋਸਤੀ 'ਚ
ਹੋਰ ਗੂੜੇ ਰੰਗ ਭਰੋਗੇ

ਆਪਾਂ ਸਾਂਝੇ ਕਰਾਂਗੇ ਦੁਖ ਸੁਖ
ਤੇ ਕੁਝ ਉਹ ਦੁਖ

ਜਿਨ੍ਹਾਂ ਦੇ ਮੁਹਾਂਦਰੇ
ਬੱਚੇ ਦੀ ਗਵਾਚੀ ਪੋਥੀ ਦੇ
ਪਾਟੇ ਪਹਿਲੇ ਪੰਨੇ ਵਰਗੇ
ਜਾਂ ਫਿਰ ਚੋਰੀ ਲੈ ਕੇ ਟੋਭਾ
ਫੱਟੀ 'ਤੇ ਉਕਰੇ ਊੜੇ ਐੜੇ ਵਰਗੇ ਹੁੰਦੇ

ਆਪਣੀ ਸੰਤਾਨ ਦੇ ਗਿਆਨ ਮੂਹਰੇ ਅਨਪੜ੍ਹ
ਪੈੱਗ ਪੀਂਦਿਆਂ
ਆਪਣੀ ਵਿਦਵਤਾ ਦੇ ਗੁਣਗਾਨ ਗਾਵਾਂਗੇ
ਆਪਣੇ ਜਿਉਂਦੇ ਹੋਣ ਦਾ ਭਰਮ ਪਾਲਾਂਗੇ
ਬੀਤਦੇ ਬੀਤਦੇ ਮੁੜ ਪਰਤ ਆਵਾਂਗੇ
ਫਿੱਕੀ ਪੈ ਰਹੀ ਸ਼ਾਮ 'ਚ ਸ਼ੋਖ਼ ਰੰਗ ਭਰਾਂਗੇ

ਗੂੜ੍ਹੇ ਦੋਸਤੋ !
ਆਪਾਂ ਕੋਲ ਨਹੀਂ ਬਚੀ ਹੁਣ
ਕੱਚੇ ਵਿਹੜਿਆਂ ਦੀ ਕਿਲਕਾਰੀ
ਢੋਕੇ ਦਿੰਦੀ ਮੱਝ ਦੀ ਖ਼ੁਮਾਰੀ
ਤੇ ਨਾ ਬਚੀ ਹੈ
ਦੁੱਧ ਰਿੜਕਦੀ ਮਾਂ ਦੇ ਮੱਖਣ ਦੀ ਤਾਰੀ
ਹੁਣ ਤਾਂ ਜੋ ਬਚਿਆ ਹੈ ਸਾਂਭ ਲਈਏ
ਨਵੇਂ ਵਰਤਾਰਿਆਂ ਨੂੰ ਵੀ ਸਲਾਮ ਕਹੀਏ
ਪਰੰਪਰਾ ਨੇ ਵੀ ਸਫ਼ਰ ਕਰਨਾ ਹੁੰਦਾ
ਸਫ਼ਰ ਨੇ ਨਕਸ਼ ਨਵੇਂ ਉਲੀਕਣੇ ਹੁੰਦੇ
ਰਾਹਾਂ ਦੀ ਧੂੜ ਹਮੇਸ਼ਾ ਭਟਕਣ ਨਹੀਂ ਹੁੰਦੀ
ਭਟਕਣ ਜਗਿਆਸਾ ਵੀ ਹੁੰਦੀ
ਅੰਦਰ ਘੋਰੂ ਪਾਉਂਦੇ ਪ੍ਰਸ਼ਨਾਂ ਦੇ
ਜੰਗਲ ਦਾ ਸਿਰਨਾਵਾਂ ਵੀ ਹੁੰਦੀ
ਨਵੀਂ ਉਸਰ ਰਹੀ ਕਲੋਨੀ ਦੇ
ਨਕਸ਼ਾਂ ਵਰਗੇ ਦੋਸਤੋ !

ਆਓ, ਆਪੋ-ਆਪਣੇ ਘਰਾਂ ਦੀਆਂ ਬੇਤਰਤੀਬੀਆਂ
ਸਾਂਝੇ ਬੋਹਲ 'ਤੇ ਢੇਰੀ ਕਰੀਏ
ਸਾਂਝਾਂ ਗਾਹ ਪਾਈਏ, ਉਡਾਈਏ
ਤਰਤੀਬੀਆਂ ਦੇ ਦਾਣੇ ਕੁਝ ਕਿਰਨਗੇ ਜ਼ਰੂਰ
ਉਹੀ ਆਪਣੀ ਦੋਸਤੀ ਦਾ ਹਾਸਲ ਹੋਵੇਗਾ

ਧਰਮਾਂ ਦੀ ਗੱਲ ਚੱਲੇਗੀ
ਮੈਂ ਕਹਾਂਗਾ ਬਾਬਾ ਨਾਨਕ, ਬਾਬਾ ਗੋਬਿੰਦ
ਤੁਸੀਂ ਕਹੋਗੇ ਨਹੀਂ ਗੁਰੂ ਗੋਬਿੰਦ
ਮੈਂ ਕਹਾਂਗਾ ਨਾਨਕ ਜਾਂ ਗੋਬਿੰਦ
ਮੇਰੇ ਤਾਂ ਸ਼ਾਇਰ ਬਾਬੇ ਨਾਨਕ, ਗੋਬਿੰਦ
ਤੁਸੀਂ ਤਾੜੀ ਮਾਰ ਹੱਸੋਗੇ
ਫਿਰ ਆਪਣੇ ਮਨ ਦੀ ਬਾਤ ਦੱਸੋਗੇ
ਆਪਾਂ ਸੰਸਿਆਂ ਦਾ ਸੰਸਿਆਂ ਸੰਗ ਸੰਵਾਦ ਰਚਾਵਾਂਗੇ
ਹੋਰ ਵੀ ਗੂੜ੍ਹੇ ਮਿੱਤਰ ਕਹਾਵਾਂਗੇ

ਮੇਰੀ ਪ੍ਰਭਾਤ ਵਰਗੇ ਦੋਸਤੋ!
ਅੱਜ ਦੀ ਰਾਤ ਮੈਂ ਸਿਰਫ਼ ਤੁਹਾਨੂੰ ਮੁਖ਼ਾਤਬ ਹਾਂ
ਕੱਲ੍ਹ ਦਿਨ ਚੜ੍ਹੇ ਤੁਸੀਂ ਮੈਨੂੰ ਮੁਖਾਤਬ ਹੋਣਾ
ਆਪਣੀਆਂ ਰਾਤਾਂ 'ਤੇ ਦਿਨ ਸਾਂਝੇ ਹੋ ਜਾਣਗੇ
ਆਪਣੇ ਵਰਤਮਾਨ ਤੇ ਭਵਿੱਖ ਰਲ ਕੇ ਪੈਲਾਂ ਪਾਣਗੇ
ਆਪਣੇ ਸੁਪਨਿਆਂ 'ਚ ਪਰਤ ਆਵੇਗੀ
ਪਿੰਡਾਂ ਦੀ ਸਾਦਗੀ
ਪੁਰਖਿਆਂ ਦੀ ਛਾਂ ਘਣੀ
ਵਾਤਾਵਰਣ 'ਚ
ਆਪਣੀ ਹੀ ਦੋਸਤੀ ਦੀ ਚਰਚਾ ਹੋਵੇਗੀ

-

## ਪੁਰਖਿਆਂ ਬਗ਼ੈਰ

ਬਨੇਰਿਉਂ ਸੱਖਣੇ
ਕੋਠੇ ਤੋਂ ਡਿੱਗ ਪਿਆ ਦਾਦਾ
ਦਹਿਲ ਗਿਆ ਮੈਂ
ਸਥਿਰ ਰਹੀ ਮਾਂ
ਅੰਤਮ ਸਮੇਂ ਸਾਂਭਿਆ ਦਾਦੇ ਨੂੰ
ਢਾਬ ਦੀ ਗਵਾਹੀ ਪਈ
ਪਿੰਡ ਦੀ ਅਸੀਸ ਲਈ

ਮਹਾਂਨਗਰ 'ਚ
ਹਾਦਸੇ ਦਾ ਸ਼ਿਕਾਰ ਹੋ ਗਿਆ ਬਾਪ
ਮਾਂ ਡੋਲ ਗਈ
ਸਥਿਰ ਰਿਹਾ ਮੈਂ
ਮਹਾਂਨਗਰ 'ਚੋਂ
ਬਾਪੂ ਦੇ 'ਫੁੱਲ' ਲੈ ਪਰਤਿਆ
ਨਿਭਾਈਆਂ ਅੰਤਮ ਰਸਮਾਂ
ਰਚੇ ਅਧੂਰੇ ਰਹਿ ਗਏ ਕਾਰਜ
ਬਾਪੂ ਦੇ
ਜਿੰਨੇ ਕੁ ਹੋ ਸਕੇ
ਕੀਤੇ ਸੁਪਨੇ ਸਾਕਾਰ

ਤੁਰ ਗਈ ਮਾਂ
ਸ਼ੁਕਰ ਕੀਤਾ ਮੈਂ
ਛੁੱਟ ਗਈ ਸਰੀਰਕ ਕਸ਼ਟਾਂ ਤੋਂ
ਸ਼ਾਂਤ ਹੋ ਗਿਆ ਮਾਂ ਦਾ
ਤਣਾਅ-ਗ੍ਰਸਤ ਚਿਹਰਾ
ਸਾਂਭਿਆ ਮਾਂ ਨੂੰ ਕਵਿਤਾਵਾਂ 'ਚ
ਅਮਰ ਕਰ ਦਿੱਤਾ

ਅਖ਼ਬਾਰ 'ਚ ਨਿੱਤ ਪੜ੍ਹਦਾ
ਖ਼ਬਰ ਹਾਦਸੇ ਦੀ
ਮਰ ਗਏ ਪੂਰੇ ਪਰਿਵਾਰ ਦੀ
ਸਹਿਮ ਜਾਂਦਾ ਹਾਂ ਮੈਂ
ਨਵੀਂ ਬਣੀ ਕੋਠੀ ਦੇ
ਵਿਹੜੇ 'ਚ ਖੜੀ ਕਾਰ ਵੇਖ ਕੇ
ਸੜਕ 'ਤੇ ਸਰਪਟ ਦੜਾਉਂਦੇ
ਬੇਟੇ ਦੀ ਨੁਹਾਰ ਵੇਖ ਕੇ

ਵਕਤ ਦੀ ਗਤੀ ਮੂਹਰੇ
ਕਿੰਨਾ ਕੁਝ ਤਿਲਕ ਗਿਆ ਹੈ
ਸਾਡੇ ਹੱਥੋਂ
ਕਿੰਨੇ ਕਾਇਰ ਹੋ ਗਏ ਹਾਂ
ਸਹਿਜ ਵਿਚਰਦੇ ਪੁਰਖ਼ਿਆਂ ਬਗ਼ੈਰ

## ਸ਼ਾਮ ਢਲੇ

ਸਾਰੇ ਦਿਨ ਦੇ ਰੁਝੇਵਿਆਂ ਦੀ
ਪੰਡ ਹੇਠੋਂ ਨਿਕਲ
ਥੱਕੀ ਸ਼ਾਮ ਨੂੰ ਗਲਾਸ 'ਚ ਘੋਲ
ਪੀ ਜਾਣਾ ਚਾਹਿਆ
ਮਿੱਤਰ ਨੂੰ ਫ਼ੋਨ ਕੀਤਾ
ਉਹ ਰੁੱਝੀ ਸੜਕ ਕਿਨਾਰੇ
ਸੈਰ ਕਰ ਰਿਹਾ ਸੀ
ਮੈਂ ਉਸਦੇ ਕਦਮਾਂ ਨੂੰ
ਆਪਣੀ ਇੱਛਾ ਦੇ ਸਿਰਨਾਵੇਂ ਵੱਲ ਮੋੜਿਆ

ਤੀਜਾ ਪੈੱਗ ਪੀਂਦਿਆਂ
ਮਿੱਤਰ ਸਾਹਵੇ
ਜਵਾਨ ਬੇਟੇ ਦੇ ਥਿੜਕਦੇ
ਕਦਮਾਂ ਹੇਠ ਕੰਬਿਆ
ਫਿਰ ਪਿਤਾ ਪੁਰਖੀ ਜਾਇਦਾਦ ਦੀ
ਕੀਮਤ ਆਂਕਦਿਆਂ
ਅਗਲੇ ਪੈੱਗ 'ਚ ਅਗਲਾ ਫ਼ਿਕਰ
ਤੇ ਅਗਲਾ ਫ਼ਿਕਰ ਅਗਲੇ ਪੈੱਗ 'ਚ
ਘੋਲ ਪੀ ਗਿਆ

ਗੱਲਬਾਤ ਦਾ ਵਿਸ਼ਾ ਬਦਲਿਆ
ਰਾਜਨੀਤੀ, ਨੌਕਰੀ, ਘਰ, ਕਵਿਤਾ
ਤੇ ਅਖ਼ੀਰ 'ਚ ਵਿਸ਼ਾ
ਉਚੜੇ ਨਕਸ਼ਾਂ ਵਾਲਾ
ਮੁਹਾਂਦਰਾ ਬਣ ਗਿਆ

ਕੁਝ ਸ਼ਬਦ ਬੋਲੇ ਜਾ ਰਹੇ
ਕੁਝ ਹੁੰਗਾਰੇ ਭਰੇ ਜਾ ਰਹੇ

ਜ਼ਿਹਨ 'ਚ ਸਾਂਭੇ ਭੇਤ
ਨਿਰਵਸਤਰ ਹੋ ਰਹੇ

ਭੇਤਾਂ ਦੇ ਬੋਝ ਤੋਂ ਮੁਕਤ
ਡਿਕੋਡੋਲੇ ਖਾਂਦੇ ਨਸ਼ਿਆਏ ਕਦਮ
ਪਰਤਦੇ ਘਰ ਵੱਲ
–

## ਦੋ ਦਿਨ

ਇਕ ਦਿਨ
ਮੈਨੂੰ ਬੱਚਿਆਂ ਦੀ ਮੁਸਕਾਨ 'ਚੋਂ
ਵਿਅੰਗ ਦੀ ਆਵਾਜ਼ ਸੁਣੀ
ਵੱਡਿਆਂ ਦੇ ਵਿਵਹਾਰ 'ਚੋਂ
ਸੰਦੇਹ ਦੇ ਪਰਛਾਵੇਂ ਦਿਸੇ
ਦੂਰ ਖੜ੍ਹੇ ਆਕਾਰ ਦੋ
ਮੇਰੇ ਹੀ ਖ਼ਿਲਾਫ਼
ਸਾਜਿਸ਼ ਘੜਦੇ ਪ੍ਰਤੀਤ ਹੋਏ

ਮੈਨੂੰ ਫੁੱਲਾਂ ਦੇ ਚਿਹਰਿਆਂ 'ਤੇ
ਨਰਾਜ਼ਗੀ ਦੇ ਭਾਵ ਦਿਸੇ
ਰੁੱਖ ਉਦਾਸ, ਪੱਤੇ ਬੁਝੇ ਬੁਝੇ
ਦੀਵਾਰਾਂ ਚੁਗਲੀਆਂ ਦਾ
ਦਮ ਭਰਦੀਆਂ ਲੱਗੀਆਂ

ਮੇਰੇ ਗਿਰਦ ਹਰ ਸ਼ੈਅ ਉਦਾਸ ਸੀ
ਮੱਥੇ 'ਚ ਵਾਵਰੋਲੇ
ਸ਼ੋਰ ਸਨ ਮਚਾ ਰਹੇ
ਉਸ ਦਿਨ ਰਗਾਂ ਮੇਰੀਆਂ 'ਚ
ਨਾਗ ਰੀਂਗ ਰਿਹਾ ਸੀ

ਇਕ ਹੋਰ ਦਿਨ
ਬੱਚਿਆਂ ਦੀ ਮੁਸਕਾਨ 'ਚੋਂ
ਫੁੱਲਾਂ ਦੀ ਖ਼ੁਸ਼ਬੂ ਆਈ
ਵੱਡਿਆਂ ਦੇ ਵਿਵਹਾਰ 'ਚ
ਅਪਣੱਤ ਦੇ ਦੀਪ ਜਗੇ
ਰੁੱਖ ਹਰੇ ਭਰੇ
ਪੱਤੇ ਚਹਿਕ ਰਹੇ

ਦੀਵਾਰਾਂ 'ਚ ਪੁਰਖਿਆਂ ਦੀ
ਅਸੀਸ ਦੇ ਨਕਸ਼ ਦਿਸੇ
ਮੇਰੇ ਗਿਰਦ ਹਰ ਸ਼ੈਅ ਸਹਿਜ ਸੀ
ਮੱਥੇ ਦੀ ਚੁੱਪ ਦਾ
ਓਮ ਸੀ ਗੂੰਜ ਰਿਹਾ
ਉਸ ਦਿਨ ਰੂਹ ਮੇਰੀ 'ਚ
ਚੰਨ ਮੁਸਕਰਾ ਰਿਹਾ ਸੀ
—

## ਟੀਸ

ਅੱਜ
ਅਚਾਨਕ ਐਲਾਨੀ ਛੁੱਟੀ ਨਾਲ
ਬਿਖਰ ਗਏ ਛਿਣ ਬਕਾਇਦਗੀ ਦੇ
ਜੋਸ਼ ਦੇ ਅੰਗ ਗਏ ਅਲਸਾਏ
ਸੋਚਣੇ ਲੱਭਣੇ ਪਏ
ਆਹਰ ਨਵੇਂ
ਨਵੀਂ ਕਵਿਤਾ ਦੇ ਬਿੰਬਾਂ ਜਿਹੇ

ਛੱਡੀ ਸੁਸਤੀ
ਧੁੰਦਲਕੇ ਉਹਲਿਉਂ
ਲਿਸ਼ਕ ਪਈ ਧੁੱਪ ਸਰਦੀ ਦੀ
ਲਿਸ਼ਕ ਪਏ ਫ਼ਿਕਰ ਕਈ
ਫ਼ਿਕਰਾਂ ਦਾ ਪਿੱਛਾ ਕਰਦਿਆਂ
ਵਕਤ ਸਰਪਟ ਦੌੜਿਆ

ਸ਼ਾਮ ਢਲੇ
ਜਦ ਫਰੋਲੇ ਵਰਕੇ ਦਿਨ ਦੇ
ਕਈ ਫ਼ਿਕਰ ਸਨ ਰਾਖ਼ ਹੋ ਗਏ
ਕਈ ਨਵੇਂ ਜਾਗ ਪਏ
ਕਵਿਤਾ ਇਕ ਨਵੀਂ ਲਿਖੀ
ਇਕ ਛਪਣ ਹਿਤ ਵਿਦਾ ਕੀਤੀ

ਹੋਰ ਵੀ ਕੀਤਾ ਕਈ ਕੁਝ
ਪਰ ਬਕਾਇਦਗੀ ਟੁੱਟਣ ਦੀ ਟੀਸ
ਸਾਰਾ ਦਿਨ ਨਾਲ ਰਹੀ

--

## ਵਿਸਥਾਰ

ਮੈਥੋਂ ਪਹਿਲਾਂ
ਘਰ ਮੇਰੇ ਨਵੇਂ 'ਚ
ਚਿੜੀਆਂ ਠਾਹਰ ਬਣਾਈ
ਕਬੂਤਰਾਂ ਸੇਣ ਵਸਾਈ
ਅੱਥਰੇ ਕਈ ਹੋਰ ਜੀਵਾਂ
ਕੀਤਾ ਵਸੇਬਾ-ਰੈਣ ਬਿਤਾਈ

ਨਵੇਂ ਘਰ ਨੂੰ ਮਿਲਣ ਖ਼ਾਤਰ—ਮੈਂ ਜਾਂਦਾ
ਤੱਕਦਾ ਚਿੜੀਆਂ ਦੀ ਹਾਜ਼ਰੀ
ਖੁੱਲ੍ਹੀ ਛੱਡ ਆਉਂਦਾ ਖਿੜਕੀ

ਰੌਸ਼ਨਦਾਨ 'ਚ ਵਿੰਹਦਾ ਤੀਲ੍ਹਿਆਂ ਦਾ ਜਮਘਟਾ
ਤੱਕਦਾ ਤ੍ਰਬਕ ਕੇ ਪਰਿੰਦਿਆਂ ਦਾ ਉੱਡਣਾ
ਸੁਣਦਾ ਨੰਨ੍ਹੀਆਂ ਆਵਾਜ਼ਾਂ
ਹੌਲੀ-ਹੌਲੀ ਖੋਲ੍ਹਦਾ ਢੋਂਦਾ ਬਾਰ
ਪੋਲੇ ਪੋਲੇ ਧਰਦਾ ਕਦਮ
ਸਾਹਾਂ ਦਾ ਸ਼ੋਰ ਸੁਣਦਾ
ਖਿਸਕ ਆਉਂਦਾ
ਅਗਲੀ ਵਾਰ ਜਾਂਦਾ
ਤੀਲ੍ਹਿਆਂ ਦਾ ਖਿਲਾਰਾ ਤੱਕਦਾ
ਖੰਭਾਂ ਦੀਆਂ ਪੈੜਾਂ ਵਿੰਹਦਾ—ਕਨਸੋਅ ਲੈਂਦਾ
ਪਰ ਨਜ਼ਰ ਨਾ ਆਉਂਦੇ ਕਿਧਰੇ ਪਰਿੰਦੇ ਪਿਆਰੇ
ਮਾਰ ਗਏ ਹੁੰਦੇ ਉਡਾਰੀ
ਬਦਲ ਗਏ ਹੁੰਦੇ ਟਿਕਾਣਾ

ਮੇਰੀ ਪਿਛਲੀ ਫੇਰੀ ਦੇ ਵਰਕੇ ਤੋਂ
ਪੜ੍ਹ ਲਿਆ ਹੁੰਦਾ ਉਹਨਾਂ
ਘਰ ਦੀ ਮਲਕੀਅਤ ਦਾ ਅਗਲਾ ਸਿਰਨਾਵਾਂ
–

## ਬਦਲੇ ਮੁਹਾਂਦਰੇ

ਨਵਾਂ ਘਰ ਅਧੂਰਾ ਸੀ
ਲੋਹੇ ਦਾ ਗੇਟ ਬੰਦ ਸੀ
ਚੁਫ਼ੇਰੇ ਉੱਚੀ ਕੰਧ ਸੀ

ਅੰਦਰ ਕਮਰੇ ਸਨ
ਦਰਵਾਜ਼ਿਆਂ ਤੋਂ ਸੱਖਣੇ
ਅੱਥਰੇ ਜੀਵਾਂ ਲਈ
ਜੰਗਲ 'ਚ ਮੰਗਲ ਸੀ

ਹਵਾਂ ਦੀ ਆਵਾਜਾਈ ਬੇਰੋਕ ਸੀ
ਨਵੇਂ ਘਰ ਦਾ ਇਹ ਪਹਿਲਾ ਸਲੋਕ ਸੀ

ਘਰ ਅੰਦਰ ਫਿਰ ਚੁਰ ਚੁਰ ਵੱਸੀ
ਘਰ ਦੀ ਉਦਾਸੀ ਥੋੜ੍ਹੀ ਦੂਰ ਨੱਸੀ
ਗੁਟਰਗੂੰ ਹੋਈ
ਅਗਲੀ ਪੀੜ੍ਹੀ ਦੀ
ਫੈਲੀ ਖ਼ੁਸ਼ਬੋਈ

ਘਰ ਮੁਕੰਮਲ ਹੋ ਗਿਆ
ਸੱਧਰਾਂ ਨੂੰ ਬੂਰ ਪਿਆ
ਘਰ 'ਚ
ਜੀਆਂ ਦਾ ਵਾਸ ਹੋ ਗਿਆ
ਚੂਰ ਚੂਰ 'ਤੇ ਗੁਟਰਗੂੰ ਦਾ
ਪਰਵਾਸ ਹੋ ਗਿਆ

ਪਿੰਡ ਤਾਂ
ਘਰ 'ਚ ਹੀ ਹੁੰਦੇ ਸਨ ਆਲ੍ਹਣੇ
ਸਾਂਝੀ ਛੱਤ ਹੇਠ ਵੱਸਦੇ ਸਨ ਮਨੁੱਖ 'ਤੇ ਪਰਿੰਦੇ

ਸੋਚਿਆ ਤਾਂ ਜਾਣਿਆਂ
ਵਕਤ ਨਾਲ
ਘਰਾਂ ਦੇ ਮੁਹਾਂਦਰੇ ਹੀ ਨਹੀਂ
ਅਰਥ ਵੀ ਬਦਲ ਗਏ
ਕਿਰ ਗਏ ਕਈ ਰਿਸ਼ਤੇ
ਕਈ ਸ਼ਬਦ ਵਾਕ
ਕਈ ਗੀਤ ਗਏ
ਘਰਾਂ ਦੇ ਵਿਸਥਾਰ
ਦੀਵਾਰਾਂ ਅੰਦਰ ਸਿਮਟ ਗਏ
-

## ਵਿਕਾਸ ਦੇ ਰੰਗ

ਚਿਪ ਦੇ ਰਿਸ਼ਤਿਆਂ 'ਚ ਸੁਰੱਖਿਅਤ
ਰਿਸ਼ਤਿਆਂ ਦਾ ਨੈੱਟਵਰਕ
ਮੋਬਾਇਲ ਸੈੱਟ ਦੀ ਵੰਨਗੀ 'ਚ ਲਿਸ਼ਕਦਾ
ਪੂੰਜੀ ਦਾ ਵਰਤਾਰਾ
ਪਹਿਰਾਵੇ ਦੇ ਬਰਾਂਡ 'ਚ
ਸਟੇਟਸ ਦਾ ਕਬੂਤਰ ਗੁਟਕਦਾ
ਅੱਯਾਸ਼ੀ ਦਾ ਮਿਆਰ
ਪੰਜਤਾਰਾ ਦੇ ਵਾਤਾਨੁਕੂਲ ਮਾਹੌਲ 'ਚ
ਨੰਗੇ ਜਿਸਮਾਂ ਦੇ ਨਾਚ ਤੋਂ ਪਾਰ
ਹਵਸ ਦੀ ਦਹਿਲੀਜ਼ ਨੂੰ ਟੱਪਦਾ
ਨੀਚਤਾ ਦੀਆਂ ਅਪਹੁੰਚ ਹੱਦਾਂ ਛੂਹ ਰਿਹਾ
ਨਿੱਤ ਨਵੇਂ ਰੰਗ ਮਕਾਰ ਦੇ
ਮੀਡੀਆ ਦਾ ਆਹਰ ਬਣ ਰਹੇ

ਅਸ਼ਲੀਲ ਵਾਕ ਬਣਤਰ ਦੇ ਅਰਥ ਨੰਗੇ
ਹਾਸਿਆਂ ਦੇ ਬਾਦਸ਼ਾਹ ਬਣ ਗਏ
ਵਿਕ ਰਹੀਆਂ ਜ਼ਮੀਰਾਂ ਦੇ ਸੌਦੇ
ਟੈਲੀ ਤੇ ਪ੍ਰਦਰਸ਼ਤ ਹੋ ਰਹੇ
ਇੰਝ ਵੱਸ ਗਈ ਮਸਤਕ 'ਚ ਮੰਡੀ
ਕਿ ਗੱਲਬਾਤ ਦੇ ਵਿਸ਼ੇ
ਭੁੱਲ ਗਏ ਬੋਲ ਹਮਦਰਦੀ ਦੇ
ਰੀਂਗ ਰਹੀ ਜ਼ਿੰਦਗੀ ਦੇ ਫ਼ਿਕਰ ਵਿਸਰ ਗਏ

ਉਹ ਜਿਨ੍ਹਾਂ ਕੋਲੋਂ ਖੁਸ ਰਹੀ
ਸਿੱਖਿਆ, ਸਿਹਤ, ਸੰਪਤੀ
ਹਕੂਮਤ ਦੇ ਏਜੰਡੇ 'ਚੋਂ ਮਨਫ਼ੀ ਹੋ ਗਏ

ਅਜਿਹੇ ਸਮਿਆਂ 'ਚ
ਜਦ ਰਿਸ਼ਤੇ ਵੀ ਵਰਤੋਂ ਦੀ ਸ਼ੈਅ ਹੋ ਗਏ
ਜੀਅ ਰਹੇ ਹਾਂ ਅਸੀਂ
ਬੇਬਸ ਲਾਚਾਰ
ਸੰਘਰਸ਼ਹੀਣ ਸਮਿਆਂ 'ਚ
ਨਿਪੁੰਸਕ ਜਿਹੇ
ਕਿਉਂ ਜੀਅ ਰਹੇ ਹਾਂ ਅਸੀਂ

ਪ੍ਰਸ਼ਨਾਂ ਦੀ ਇਸ ਨੁਕੀਲੀ ਚੁੱਪ ਅੰਦਰ
ਮੈਂ ਕਵਿਤਾ ਜੀ ਰਿਹਾ ਹਾਂ
ਕਵਿਤਾ ਸਿਰਜ ਰਿਹਾ ਹਾਂ

ਤੁਸੀਂ ਵੀ ਜੀਵੋ, ਸਿਰਜੋ ਕਵਿਤਾ
ਤੇ ਬੇਰੰਗ ਕਰੋ ਰੰਗ ਵਿਕਾਸ ਦੇ...

# ਮੈਂ ਨਹੀਂ ਪਰਤਾਂਗਾ

ਮੇਰੇ ਚੇਤਿਆਂ 'ਚ ਵੱਸੇ
ਹਨੇਰੇ, ਪਹੇ, ਸੂਛੇ
ਮਸਤਕ 'ਚ ਦਸਤਕ ਦਿੰਦੇ
ਪਿੰਡ, ਘਰ, ਰਿਸ਼ਤੇ
ਮੇਰੀ ਰੂਹ ਦੇ ਮੇਚ ਆਉਂਦੇ
ਲੋੜਾਂ, ਥੁੜਾਂ, ਉਦਾਸੀਆਂ
ਮੈਨੂੰ ਪਰਤ ਆਉਣ ਲਈ ਕਹਿੰਦੇ
ਪਰ ਮੈਂ ਹੁਣ ਪਰਤ ਨਹੀਂ ਸਕਣਾ

ਮੇਰੇ ਚੇਤੇ ਮੈਨੂੰ ਮੇਰੀ ਔਕਾਤ ਨਾਲ ਜੋੜਦੇ
ਮਸਤਕ ਦੀ ਦਸਤਕ
ਪੁਰਖਿਆਂ ਦੇ ਪਰਛਾਵਿਆਂ ਨਾਲ ਤੁਰਦੀ
ਮੇਰੀ ਰੂਹ ਬੇਚੈਨੀਆਂ ਦੀ ਆਵਾਜ਼ ਤੋਂ ਮੁਕਤ ਹੁੰਦੀ
ਮੈਂ ਪਰਤ ਜਾਣਾ ਚਾਹੁੰਦਾ
ਪਰ ਹੁਣ ਮੈਂ ਪਰਤ ਨਹੀਂ ਸਕਣਾ
ਕਿਉਂਕਿ ਹੁਣ ਮੈਂ ਇਕੱਲਾ ਨਹੀਂ ਰਿਹਾ
ਮੇਰੇ ਨਾਲ ਜੁੜ ਗਏ ਨੇ
ਮੇਰੀ ਸੋਚ ਤੋਂ ਸਦੀ ਅਗਾਂਹ ਤੁਰਦੇ ਰਿਸ਼ਤੇ
ਮੇਰੇ ਗਿਰਦ ਗੂੰਜ ਰਹੇ ਨੇ
ਸੁਖ ਸਹੂਲਤਾਂ ਦੇ ਸੁਪਨਈ ਨਗ਼ਮੇਂ
ਮੇਰੇ ਪੜ੍ਹਨ ਕਮਰੇ 'ਚ
ਮੰਡੀ ਦੇ ਅਲੌਕਿਕ ਰੰਗ ਪ੍ਰਦਰਸ਼ਿਤ ਹੋ ਗਏ
ਮੈਂ ਹੁਣ ਪਰਤ ਨਹੀਂ ਸਕਣਾ

ਹੁਣ ਪਰਤਿਆ ਵੀ ਤਾਂ ਕੁਝ ਹੋਰ ਹੋਵਾਂਗਾ
ਚੰਗਾ ਹੈ ਨਾ ਹੀ ਪਰਤਾਂ

ਮੈਥੋਂ ਹੁਣ ਪਰਤਿਆ ਵੀ ਨਹੀਂ ਜਾਣਾ
–

## ਬੀਬੇ ਸ਼ਬਦ

ਸਰਦ ਰੁੱਤ ਦਾ ਢਿੱਲਾ ਆਗਮਨ
ਤ੍ਰੇਲੇ ਘਾਹ ਦੀ ਠੰਡੀ ਛੂਹ
ਬੰਦ ਹਵਾ 'ਚ
ਸ਼ਾਂਤ ਚਿਤ ਸੌਂ ਰਹੇ ਬਿਰਖ਼
ਦੂਰੋਂ ਕਿਤਿਓਂ
ਛਣ ਕੇ ਆ ਰਹੀ ਫਿਲਮੀ ਗਾਣੇ ਦੀ ਧੁਨ
ਤੇ ਪੀਲੀ ਰੌਸ਼ਨੀ ਦਾ ਝਰਦਾ ਚਾਨਣ
ਰਾਤ ਦੇ ਪਹਿਲੇ ਪਹਿਰ ਨੂੰ
ਸਾਕਾਰ ਕਰ ਰਿਹਾ

ਮੈਂ ਸੋਚ ਰਿਹਾਂ ਉਸ ਕਵਿਤਾ ਬਾਰੇ
ਇਸ ਪਹਿਰ ਦੇ ਹਰ ਛਿਣ ਅੰਦਰ
ਜੋ ਧੜਕ ਰਹੀ
ਪਰ ਮੇਰੇ ਸ਼ਬਦਾਂ ਦੀ ਬੌਣੀ ਕਾਇਆ ਦੇ
ਇਹ ਮੇਚ ਨਾ ਆਵੇ

ਮੈਂ ਸ਼ਬਦਾਂ ਦੀ ਤਰਤੀਬ ਬਦਲਦਾ
ਵੱਖ ਵੱਖ ਆਕਾਰ ਘੜਦਾ
ਕਈ ਅਕ੍ਰਿਤੀਆਂ ਸਿਰਜਦਾ

ਬੀਬੇ ਸ਼ਬਦ ਬਾਲਾਂ ਵਰਗੇ
ਹਰ ਆਕਾਰ ਨੂੰ ਸੁਣ ਹੰਢਾ ਰਹੇ
ਹਰ ਤਰਤੀਬ ਦੇ ਮੇਚ ਆ ਰਹੇ

–

# ਪਸੀਨੇ ਦਾ ਸਫ਼ਰ

ਬਾਪ ਨੇ
ਮੱਥੇ ਦਾ ਪਸੀਨਾ ਪੂੰਝ
ਬੱਚੇ ਦੀ ਤਲੀ 'ਤੇ ਟਿਕਾ ਦਿੱਤਾ
ਸਿਲੇਬਸ ਦਾ ਬੋਝ
ਉਸ ਦੀ ਪਿੱਠ 'ਤੇ ਲ਼ੱਦ
ਸਕੂਲ ਦੇ ਰਾਹੇ ਪਾ ਦਿੱਤਾ

ਸਕੂਲ ਨੇ
ਬੱਚੇ ਦੀ ਬਾਂਹ ਮਰੋੜ
ਤਲੀ ਦਾ ਪਸੀਨਾ
ਰਜਿਸਟਰ 'ਚ ਦਰਜ ਕਰ ਲਿਆ
ਤੇ ਸਿਲੇਬਸ ਦਾ ਬੋਝ
ਖ਼ੌਫ਼ ਬਣਾ
ਉਸ ਦੀਆਂ ਅੱਖਾਂ 'ਚ ਲਟਕਾ ਦਿੱਤਾ

-

# ਕਵਿਤਾ ਦੀ ਪੱਤਝੜ

ਕਵਿਤਾ ਦੀ ਪੱਤਝੜ
ਉਸਰ ਰਹੇ ਮਕਾਨ 'ਚ
ਚਿਣੀ ਜਾ ਰਹੀ ਕਵਿਤਾ ਦਾ
ਵਿਰਲਾਪ ਹੁੰਦੀ

ਝੜ ਜਾਂਦੇ ਸ਼ਬਦ ਸਾਰੇ
ਪੀਲੇ ਪੈ ਜਾਂਦੇ ਬਿੰਬ
ਪਰ-ਵਿਹੂਣੀ ਹੋ ਜਾਂਦੀ ਕਲਪਨਾ
ਰੁੰਡ-ਮਰੁੰਡ ਵਿਚਾਰ
ਔੜ ਮਾਰੀ ਧਰਤੀ ਵਾਂਗ
ਖ਼ੁਸ਼ਕ ਹੋ ਜਾਂਦੀ ਤਰਲਤਾ

ਫਿਰ ਰੁੱਤ ਬਦਲਦੀ
ਪੁੰਗਰਦੇ ਸ਼ਬਦ ਕਈ ਨਵੇਂ
ਨਵਿਆਂ ਪੱਤਿਆਂ ਵਾਂਗ
ਹਰੇ ਹੋ ਜਾਂਦੇ ਬਿੰਬ ਪੀਲੇ
ਕੱਟੇ ਪਰਾਂ 'ਚ ਭਰਦੀ ਪਰਵਾਜ਼
ਵਿਚਾਰ ਨਵੇਂ ਖਿੜ ਪੈਂਦੇ ਕਪਾਹ ਵਾਂਗ
ਨਦੀ ਵਾਂਗ ਵਹਿੰਦੀ ਤਰਲਤਾ
ਨਵੇਂ ਵਸਤਰ ਪਹਿਨ ਕੇ
ਕਵਿਤਾ ਹੁੰਦੀ ਸਾਕਾਰ
ਮਕਾਨ 'ਚ ਘਰ ਦਾ ਅਹਿਸਾਸ ਜਾਗਦਾ
--

## ਉਹ ਤੇ ਕੁਦਰਤ

ਅੰਮ੍ਰਿਤ ਵੇਲੇ ਦੀ ਕੁਦਰਤ
ਉਸਦੇ ਪੈਦਲ ਸਫ਼ਰ ਨੂੰ ਨਿਹਾਰਦੀ
ਸੱਤ ਮੀਲ ਪੈਦਲ ਸਫ਼ਰ ਦੀ ਥਕਾਵਟ
ਉਹ ਜਦ ਪਾਣੀ ਦੇ ਗਲਾਸ 'ਚ
ਘੋਲ ਪੀ ਰਹੀ ਹੁੰਦੀ
ਪੰਛੀ ਚਹਿਕ ਉੱਠਦੇ
ਮਿਲ ਜਾਂਦੀ ਜੇ ਦੋ ਘੁੱਟ ਚਾਹ
ਹਰਿਆ ਹੋ ਜਾਂਦਾ ਉਦਾਸ ਘਾਹ

ਦਿਨ ਮੁਸ਼ੱਕਤ ਬਣ ਉਸ ਦੀਆਂ ਰਗਾਂ ਥੀਂ ਗੁਜ਼ਰਦਾ
ਮਾਲੀ ਫੁੱਲਾਂ, ਬੂਟਿਆਂ ਦਾ ਧਿਆਨ ਰੱਖਦਾ
ਉਹ ਆਪਣੀ ਮਾਲਕਣ ਦੇ ਸੁਖ ਦਾ

ਸਰਕਾਰੀ ਅਫ਼ਸਰ ਮਾਲਕਣ ਜਦ ਤਕ
ਅੰਗਾਂ 'ਚ ਥਕਾਵਟ ਦਾ ਦਰਦ ਲੈ ਪਰਤਦੀ
ਨਿਪਟਾ ਕੇ ਆਹਰ ਸਾਰੇ ਉਸ
ਘਰ ਨੂੰ ਸੁਥਰੀ ਤਰਤੀਬ ਦੇ ਦਿੱਤੀ ਹੁੰਦੀ

ਘਰ ਮੁੜਨ ਤੋਂ ਪਹਿਲਾਂ
ਮਾਲਕਣ ਦੇ ਜਿਸਮ ਥੱਕੇ ਦੀ ਕਰਦੀ ਮਾਲਿਸ਼
ਸਿੰਜੇ ਬੂਟੇ ਵਾਂਗ ਤਾਜ਼ਾ ਹੋ ਜਾਂਦੀ ਮਾਲਕਣ
ਫੁੱਲ ਵਾਂਗ ਖਿੜ ਜਾਂਦੀ ਉਹ

ਸੱਤ ਮੀਲ ਪੈਦਲ ਸਫ਼ਰ 'ਤੇ ਪਰਤਦੀ ਨੂੰ
ਡੁੱਬਦਾ ਸੂਰਜ ਨਿਹਾਰ ਰਿਹਾ ਹੁੰਦਾ

## ਬੇਲੋੜੀ ਵਸਤੂ

ਮੈਂ ਬੇਲੋੜੀ ਵਸਤੂ ਬਣ ਕੇ ਜੀਅ ਰਿਹਾਂ
ਮੁਆਫ਼ ਨਹੀਂ ਕਰੇਗੀ ਮੇਰੀ 'ਮੈਂ' ਮੈਨੂੰ

ਬਣਨ ਨੂੰ ਤਾਂ ਹੋਰ ਵੀ ਸੀ ਬੜਾ ਕੁਝ
ਬਣ ਸਕਦਾ ਸਾਂ ਸੁਰ ਬਾਗ਼ੀ
ਵਿਹੜਿਆਂ ਦੀ ਗ਼ੁਰਬਤ ਨਾ ਵੀ ਹੂੰਝਦਾ
ਬੇਬਸੀ ਉਨ੍ਹਾਂ ਦੀ ਕੋਲ ਹਮਦਰਦੀ ਬਣ
ਰੁਕ ਸਕਦਾ ਸਾਂ ਪਲ ਘੜੀ

ਕਠਿਨ ਸੀ ਬੁਸ਼ ਨਾਲ ਵੈਰ
ਆੜੀ ਤਾਂ ਕਰ ਸਕਦਾ ਸਾਂ ਬਿਰਖ਼ਾਂ ਸੰਗ
ਕਿਨਾਰੇ ਗੰਧਲੇ ਪਾਣੀਆਂ ਦੇ ਬੈਠ
ਭਲੇ ਵੇਲਿਆਂ ਦੇ ਚੇਤੇ ਸਾਂਝੇ ਕਰਦਾ
ਪਿੰਡ ਵਾਲੇ ਘਰ ਵਿਚ
ਆਲ੍ਹਣਾ ਸੀ ਜਿਸ ਚਿੜੀ ਦਾ
ਉਸ ਦੀਆਂ ਪੈੜਾਂ ਦੀ ਆਵਾਜ਼ ਸੁਣਦਾ
ਆਵਾਜ਼ ਦਾ ਪਿੱਛਾ ਕਰਦਾ
ਤੁਰਦੇ ਪੈਰਾਂ ਲਈ ਬਣ ਹੀ ਜਾਂਦੇ ਨੇ ਰਾਹ

ਰਾਹਾਂ ਨੂੰ ਮਿਲਣ ਲਈ
ਤਤਪਰ ਰਹਿੰਦੀਆਂ ਨੇ ਮੰਜ਼ਿਲਾਂ
ਬਣ ਸਕਦਾ ਸਾਂ ਸਫ਼ਰ ਆਸ ਦਾ
ਪਰ ਮੈਂ ਤਾਂ ਬੇਲੋੜੀ ਵਸਤ ਬਣ ਕੇ ਜੀਅ ਰਿਹਾਂ
ਨਹੀਂ ਮੁਆਫ਼ ਕਰੇਗੀ ਮੇਰੀ 'ਮੈਂ' ਮੈਨੂੰ

ਤੁਸੀਂ ਵੀ ਮੈਨੂੰ ਮਾਫ਼ ਨਾ ਕਰਨਾ

# ਕਾਹਲ ਨਾ ਕਰੋ

ਇੰਤਜ਼ਾਰ ਕਰੋ
ਰੈਕ ਵਿਚ ਬੰਦ ਪਈਆਂ
ਪੁਸਤਕਾਂ ਨੂੰ ਪਲੋਸੋ
ਉਨ੍ਹਾਂ ਵਿਚਲੀਆਂ ਸਤਰਾਂ ਹਵਾਲੇ
ਚਿੰਤਨੀ ਛਿਣ ਕਰੋ
ਹਰਫ਼ਾਂ 'ਚ ਧੜਕਦੀ
ਕਵਿਤਾ ਮਹਿਸੂਸ ਕਰ
ਜੀਵਨ ਦੇ ਰਹੱਸ
ਤੇ ਰਹੱਸ ਤੋਂ ਪਾਰ ਜਾਂਦੀਆਂ
ਉਦਾਸੀਆਂ ਦੇ ਹਮਸਫ਼ਰ ਬਣੋ

ਖ਼ਾਮੋਸ਼ ਪੁਸਤਕਾਂ
ਚੁੱਪ ਸਤਰਾਂ
ਮੌਨ ਸ਼ਬਦ
ਸਦੀਆਂ ਦੀ ਚੁੱਪ 'ਚੋਂ ਬਾਹਰ ਆਉਣਗੇ
ਤੁਹਾਡੇ ਅੰਦਰਲੀ ਸੰਵੇਦਨਾ ਦੇ
ਕੁੰਭਕਰਨ ਨੂੰ ਜਗਾ ਦੇਣਗੇ

ਸਹਿਜ ਦਿਸਦੇ ਵਰਤਾਰਿਆਂ 'ਚ
ਆਮ ਲਗਦੇ ਸਰੋਕਾਰਾਂ 'ਚ
ਕਵਿਤਾ ਲਿਸ਼ਕੇਗੀ

ਜਾਗਦੀਆਂ ਸੰਵੇਦਨਾਵਾਂ ਦੀ ਤਲੀ 'ਤੇ
ਪੰਛੀ ਵਾਂਗ ਉਤਰੇਗੀ
ਕਵਿਤਾ
ਕਾਹਲ ਨਾ ਕਰੋ

## ਕਾਇਆ ਦੇ ਹਰਫ਼

ਤੂੰ ਨਿਰੀ ਦੇਹ ਹੀ ਨਹੀਂ
ਹੋਰ ਵੀ ਏਂ ਬੜਾ ਕੁਝ

ਤੇਰੇ ਹੀ ਖ਼ਿਆਲ ਥੀਂ ਗੁਜ਼ਰਦਾ
ਹਰ ਸ਼ਬਦ ਦਾ ਸਿਰਜਣ ਛਿਣ
ਤੇਰੀ ਹੀ ਉਡੀਕ ਦੇ ਛਿਣ ਸਮਾਧੀ ਬਣਦੇ
ਤੂੰ ਹੀ ਤੋਰਦੀ ਰਹੱਸ ਦੇ ਰਾਹੀਂ
ਦਾਰਸ਼ਨਿਕਤਾ—
ਤੇਰੇ ਹੀ ਵਜੂਦ 'ਚੋਂ ਕਿਰਦੀ
ਭੱਦੇ ਨਕਸ਼ ਤੇਰੀ ਨਜ਼ਰ 'ਚ ਹੀ ਬਣਦੇ
ਆਕਰਸ਼ਕ-ਅਣਹੋਈ ਹੋਂਦ ਨੂੰ
ਤੂੰ ਹੀ ਹੋਣ ਦੇ ਅਰਥ ਦੇਂਦੀ
ਝੁਕਿਆ ਸਿਰ
ਤੇਰੇ ਹੀ ਖ਼ਿਆਲ ਦੇ ਰੌਂਅ 'ਚ ਤਣ ਜਾਂਦਾ
ਤੂੰ ਹੀ ਨਵੇਂ-ਨਵੇਂ ਰਾਹਾਂ ਦੇ ਪਤੇ ਦੱਸਦੀ
ਪਹਿਲੀ ਵਾਰ ਤੇਰੇ ਕੋਲੋਂ ਹੀ ਜਾਣਿਆ
ਸੰਘਰਸ਼ ਦਾ ਸਿਰਨਾਵਾਂ

ਤੇਰੇ ਹੀ ਕਾਰਨ
ਆਪਣੀ ਵਿਚਾਰਗੀ ਤੋਂ ਮਿਲਦੀ ਮੁਕਤੀ
ਤੂੰ ਹੀ ਸਿਖਾਇਆ
ਕਵਿਤਾ 'ਚ ਦਰਦ ਭਰਨਾ
ਤੂੰ ਹੀ ਮੱਥੇ 'ਚੋਂ ਜਾਤ ਮਿਟਾਈ
ਤੇ ਪਹਿਚਾਣ 'ਚੋਂ ਧਰਮ
ਤੂੰ ਹੀ ਬਾਣਿਆਂ ਤੋਂ ਮੁਕਤ ਕਰ
ਸਿਖਾਇਆ ਇਸ਼ਕ ਕਰਨਾ

ਤੇਰੀ ਹੀ ਕਾਰਨ ਨੇ ਰਿਸ਼ਤੇ
ਤੇਰੇ ਅਰਪਣ 'ਚੋਂ ਹੀ
ਜਨਮਦੀ ਪਵਿੱਤਰਤਾ
ਤੇਰੇ ਹੀ ਕਾਰਨ ਮੈਂ ਹਾਂ
ਮੇਰਾ ਬਾਪ ਸੀ...
ਉਸਦਾ ਬਾਪ...
ਤੇ ਬ੍ਰਹਮਾ ਵੀ

ਤੇਰੀ ਹੀ ਕਾਇਆ ਦੇ ਹਰਫ਼
ਕੁਦਰਤ ਰਚਦੇ—ਕਵਿਤਾ ਬਣਦੇ
...

# ਚਿੜੀ ਦੇ ਅਰਥ

ਚਿੜੀ ਨਿੱਕੀ ਚਹਿਕ ਰਹੀ
ਬਿਰਖ ਦੇ ਵਸਤਰਾਂ ਓਹਲੇ
ਅਦਿੱਖ, ਆਵਾਜ਼ ਸੁਰੀਲੀ
ਹੋਂਦ ਉਹਦੀ ਦਾ ਦਮ ਭਰਦੀ
ਕੰਨ ਸੁਨਣ ਵਾਲੇ ਹੋ ਮਧੁਰ ਜਾਂਦੇ
ਮਨ ਮਹਿਕਿਆ ਮਹਿਕਿਆ
ਟਹਿਕੀ ਰੁੱਤ ਜਿਹਾ ਮੈਂ ਵੀ ਹੋਣਾ ਚਾਹਵਾਂ
ਚਿੜੀ ਨਿੱਕੀ
ਕੁਦਰਤ ਦੇ ਨਿੱਕੇ ਪਾਸਾਰ 'ਚ ਫੈਲੀ
ਰੁੱਖ, ਪਹਾੜ, ਸਾਗਰ, ਅੰਬਰ
ਪਰਾਂ ਹੇਠ ਛੁਪਾਈ
ਦੰਭ ਮੱਕਾਰ, ਲੋਭ ਵਿਹੂਣੀ
ਹੋਰਾਂ ਲਈ ਬਣਾ ਸਬੱਬ ਸੁਖ ਦਾ
ਪਰ ਗੁਰਬਤ ਢੋਂਦੇ
ਧਰਤੀ ਦੇ ਜੀਆਂ ਲਈ
ਚਿੜੀ ਦੇ ਅਰਥ ਕੀ ?

ਕੁਦਰਤ ਦਾ ਪਾਸਾਰ
ਸਿਮਟਿਆ ਭੁੱਖੀਆਂ ਆਂਦਰਾਂ ਵਿਚਕਾਰ
ਮੈਂ ਜੋ ਕੁਝ ਹੋਵਾਂ
ਹੋਵਾਂ ਉਨ੍ਹਾਂ ਲਈ ਸੰਘਰਸ਼
ਰੋਟੀ ਦਾ ਬਦਲ ਹੋਵਾਂ
ਹੋਵਾਂ ਨਾ ਨਿੱਕੀ ਚਿੜੀ
ਗੰਧਲੇ ਨਿਜ਼ਾਮ ਦੇ ਸੰਘ 'ਚ ਅਟਕਿਆ
ਵਿਰਾਟ ਵਿਰੋਧ ਹੋਵਾਂ

# ਕੁੱਤਾ ਕੁੜੀ ਮੋਬਾਇਲ

ਕੁੱਤਾ ਕੁੜੀ ਸੰਗ
ਕੁੜੀ ਮੋਬਾਇਲ ਸੰਗ ਖੇਡ ਰਹੇ

ਕੁੱਤੇ ਦੀ ਖੇਡ ਕੁੜੀ
ਕੁੜੀ ਦਾ ਆਹਰ ਮੋਬਾਇਲ
ਦੋ ਧਰਾਤਲਾਂ 'ਤੇ ਵਿਚਰ ਰਹੀ
ਵਿਚਾਰੀ ਕੁੜੀ

ਕੁੱਤਾ ਆਪਣੀ ਪਰੰਪਰਾ ਨਿਭਾ ਰਿਹਾ
ਮੋਬਾਇਲ ਆਪਣੀ ਆਧੁਨਿਕਤਾ ਦਿਖਾ ਰਿਹਾ

ਮੱਧਕਾਲ ਬਣੀ ਕੁੜੀ
ਕੁੱਤਾ ਵੀ ਵਰਚਾ ਰਹੀ
ਮੋਬਾਇਲ ਵੀ ਹੰਢਾ ਰਹੀ

'ਮੈਂ' ਉਹ ਕੁੜੀ
ਮਾਪੇ ਮੇਰੇ 'ਕੁੱਤਾ'
ਮੋਹ, ਮਮਤਾ, ਅਸ਼ੀਰਵਾਦ ਦੀ
ਸਦੀ ਬੀਤ ਗਈ
ਪਤਨੀ, ਬੇਟਾ
ਨਵੀਂ ਸਦੀ ਦੇ ਨਕਸ਼ ਆਧੁਨਿਕ
ਮੋਬਾਇਲ ਦੀ ਰਿੰਗਟੋਨ ਬਣ ਖੜਕ ਰਹੇ
ਕੁੱਤਾ, ਕੁੜੀ, ਮੋਬਾਇਲ

ਮੇਰੇ ਘਰ ਦੇ ਆਪਣੇ ਜੀਅ
ਇਸ ਸਦੀ ਦੇ ਜਿਊਂਦੇ ਠਾਕੁਰ
ਕੱਲ੍ਹ ਬਦਲ ਲੈਣਗੇ
ਆਪਣੇ ਕਲਸ, ਗੁੰਬਦ, ਦਰਵਾਜ਼ੇ
ਤੇ ਨਕਸ਼ ਸਮੇਂ ਦੇ...

## ਜਲ ਤੋਂ ਸੁੱਚਾ ਕੌਣ

ਇਹ ਉਨ੍ਹਾਂ ਵੇਲਿਆਂ ਦਾ ਸਹਿਜ ਸੀ
ਜਦ ਜਲ ਦੀ ਸਹੁੰ ਖਾਧੀ ਜਾਂਦੀ
'ਆਉਣ ਕੂੰਜਾਂ ਜਾਣ ਕੂੰਜਾਂ
ਨਦੀ ਨਹੁਣ ਚੱਲੀਆਂ...'
ਟਿਕੀ ਰਾਤ

ਟਿਕ ਟਿਕ ਚਲਦਾ ਸੀ ਖੂਹ
ਭਰ-ਭਰ ਕੂੰਜਾਂ ਬਾਹਰ ਆਉਂਦੀਆਂ
ਨਿੱਤਰੇ ਜਲ

ਨਿੱਤਰੀ ਰਾਤ ਦਾ ਮੁਹਾਂਦਰਾ ਸਿਰਜਦੇ
ਸਹਿਜ ਤੋਰ ਤੁਰਦੇ ਸਿੰਜਦੇ ਖੇਤਾਂ ਨੂੰ
ਮਿਟਾਉਂਦੇ ਤਨ, ਮਨ ਦੀ ਪਿਆਸ
ਤੇ ਮਾਂ ਕਹਿੰਦੀ—
'ਜਲ ਤੋਂ ਕੋਈ ਸੁੱਚਾ ਨਹੀਂ
ਰੱਬ ਤੋਂ ਕੋਈ ਉੱਚਾ ਨਹੀਂ'

ਸਾਉਣ ਮਹੀਨੇ
ਮੋਘਲਾ ਵਰ੍ਹਦਾ-ਝੜੀਆਂ ਲੱਗਦੀਆਂ
ਆਫਰੇ ਛੱਪੜ ਰਾਹਾਂ ਦੇ ਨਕਸ਼ ਮਿਟਾ ਦਿੰਦੇ
ਖੂਹਾਂ ਦੇ ਪਾਣੀ ਮੌਣ ਤਕ ਆ ਪਹੁੰਚਦੇ
ਡੱਡੂਆਂ ਦੇ ਗੀਤ ਪੂਰੇ ਪਿੰਡ ਨੂੰ ਜਗਾਈ ਰੱਖਦੇ
ਪਾਣੀ ਦੇ ਨਾਂ 'ਤੇ ਜਾਣਿਆ ਜਾਂਦਾ ਪੰਜਾਬ
ਪਾਣੀਓ ਪਾਣੀ ਹੋਇਆ ਰਹਿੰਦਾ
ਪਿਆਸੀਆਂ ਜੀਭਾਂ ਜਲ ਛਕਦੀਆਂ
ਤੇ ਕਹਿੰਦੀਆਂ—
'ਜਲ ਪਾਇਆ ਪ੍ਰਮੇਸ਼ਰ ਪਾਇਆ'
ਫਿਰ ਸਮੇਂ ਦੀ ਤੋਰ ਕਾਹਲੀ ਹੋਈ

ਖੂਹਾਂ ਦੇ ਥਾਂ ਬੰਬੀਆਂ ਲਈ
ਵਿਕਾਸ ਦੇ ਨਾਂ 'ਤੇ ਤਜਰਬੇ ਹੋਏ

ਸੀਮਤ ਭੋਇੰ ਦੇ ਗਰਭ 'ਚੋਂ
ਵਧਦੇ ਢਿੱਡਾਂ ਦੀਆਂ ਲੋੜਾਂ ਉਗਾਈਆਂ ਗਈਆਂ
ਪਾਣੀ ਪਾਤਾਲੀਂ ਵੀ ਪੁੱਜੇ
ਜ਼ਹਿਰਾਂ ਨਾਲ ਬਗਲਗੀਰ ਵੀ ਹੋਏ
ਮਾਂ ਦਾ ਕਥਨ ਝੂਠਾ ਹੋ ਗਿਆ
ਸੁੱਚੇ ਪਾਣੀਆਂ ਦੀ ਸਹੁੰ ਸਹੁੰ ਨਾ ਰਹੀ
ਅੱਜ ਉਹੀ ਮਾਂ ਕਹਿੰਦੀ ਹੈ—
'ਪੁੱਤ ! ਬਹੁਤੀਆਂ ਬਿਮਾਰੀਆਂ ਦੀ ਜੜ੍ਹ
ਇਹ ਪਾਣੀ ਹੈ'
ਪਾਣੀ ਬੋਤਲਾਂ 'ਚ ਬੰਦ ਹੋ ਗਿਆ
ਪਾਣੀ ਬਰਾਂਡ ਹੋ ਗਿਆ

ਪਾਣੀਆਂ 'ਚ ਘੁਲ ਰਹੇ ਵਿਕਾਸ ਨੇ
ਪਾਣੀ ਕੋਲੋਂ
ਜਲ ਦੀ ਪਵਿੱਤਰਤਾ ਖੋਹ ਲਈ
ਤੇ ਪੂੰਜੀ ਦੇ ਇਸ ਵਰਤਾਰੇ 'ਚ
ਮੁਨਾਫ਼ੇ ਦਾ ਅੰਕੜਾ
ਜਲ ਤੋਂ ਪਵਿੱਤਰ ਹੋ ਗਿਆ

## ਸ਼ਬਦ ਰਹਿਤ ਪਰਿਭਾਸ਼ਾ

ਸਵੇਰੇ ਉੱਠਦਾਂ
ਬਿਨਾਂ ਆਵਾਜ਼ ਕੀਤੇ
ਹੌਲੀ-ਹੌਲੀ
ਕਰਦਾ ਰੁਟੀਨ ਦੇ ਕੰਮ
ਨਹਾ ਕੇ ਬਾਹਰ ਨਿਕਲਦਾਂ
ਬਿਸਤਰੇ 'ਤੇ ਨਾ ਰੱਖਦਾ ਤੌਲੀਆ ਗਿੱਲਾ
ਨਾ ਮੈਲੀਆਂ ਜ਼ੁਰਾਬਾਂ, ਬਨੈਣਾਂ
ਸੋਫ਼ੇ 'ਤੇ ਸੁੱਟਦਾ

ਸਲੀਕੇ ਨਾਲ ਸਾਂਭਦਾ ਸਭ ਕੁਝ
ਕੁਝ ਵੀ ਅਜਿਹਾ ਨਾ ਕਰਦਾ
ਉਸ ਦੀ ਨੀਂਦ ਭੰਗ ਕਰਨ ਵਰਗਾ

ਚਾਹ ਬਣਾਉਂਦਿਆਂ
ਖੜਕ ਹੀ ਪੈਂਦੇ ਭਾਂਡੇ
ਖੁੱਲ੍ਹ ਹੀ ਜਾਂਦੀ ਨੀਂਦ ਉਸ ਦੀ
ਪਾਠ ਸੁਣਦਿਆਂ, ਚਾਹ ਪੀਂਦਿਆਂ
ਟੋਕ ਹੀ ਦਿੱਤਾ ਜਾਂਦਾ ਮੈਂ
ਹੋ ਗਈ ਕਿਸੇ ਅਵੱਗਿਆ ਤੋਂ
ਘਰ 'ਚ

ਬੜਾ ਸਹਿਮ ਕੇ ਵਿਚਰਦਾ ਮੈਂ
ਸ਼ਾਇਦ ਇਹੀ ਆਪਣੇ ਘਰ ਦੀ
ਸ਼ਬਦ ਰਹਿਤ ਪਰਿਭਾਸ਼ਾ ਹੁੰਦੀ

-

## ਖੁੱਲ੍ਹੀਆਂ ਕਵਿਤਾਵਾਂ

ਸਕੂਲੀ ਕੁੜੀਆਂ
ਕੱਚੀ ਨੀਂਦੇ ਆਏ ਸੁਪਨੇ ਜਿਹੀਆਂ
ਮੂੰਹਾਂ 'ਤੇ ਪਲੱਤਣ ਮਲੀ
ਅੱਖਾਂ 'ਚ ਲਿਸ਼ਕਦੀ
ਵਰਜਿਤ ਲਿਸ਼ਕੋਰ ਜਿਹੀਆਂ
ਕਲਾਸ-ਰੂਮ 'ਚ ਬੈਠੀਆਂ
ਬਲੈਕ ਬੋਰਡ ਤੋਂ ਤਿਲਕ ਕਿਤੇ
ਗੁਆਚ ਜਾਂਦੀਆਂ
ਅੱਖਾਂ 'ਚੋਂ
ਸਾਕਾਰ ਹੁੰਦੇ ਮੁਹਾਂਦਰੇ ਸੰਗ
ਸਿਰਜ ਲੈਂਦੀਆਂ ਰਿਸ਼ਤਾ
ਸਵਾਲ ਹੱਲ ਕਰਦਿਆਂ
ਸੁਪਨੇ ਬੁਣਦੀਆਂ
ਤਿੰਨ ਤੀਏ ਛੇ ਲਿਖਦੀਆਂ
ਆਨੀਂ-ਬਹਾਨੀਂ
ਅਧਿਆਪਕ ਨਾਲ ਕਰਦੀਆਂ ਗੱਲਾਂ
ਨਿੱਕੀ-ਨਿੱਕੀ ਛੁਹ ਨਾਲ
ਕੁਮਲਾ ਜਾਂਦੀਆਂ
ਲਛਮਣ ਰੇਖਾ ਤੋਂ
ਬਾਹਰ ਝਾਕਣਾ ਲੋਚਦੀਆਂ
ਉਲੰਘ ਬਹਿੰਦੀਆਂ ਵਰਜਿਤ ਰੇਖਾ
ਪਛਤਾਉਂਦੀਆਂ
ਪਿੰਜਰੇ ਦੀ ਕੈਦ ਹੰਢਾਉਂਦੀਆਂ
ਪਾਲਤੂ ਚਿੜੀਆਂ

ਬਚਪਨ ਤੇ ਜਵਾਨੀ ਵਿਚਕਾਰ
ਲਟਕਦੀਆਂ ਡਿਕੋਡੋਲੇ ਖਾਂਦੀਆਂ

ਤੂਫ਼ਾਨ 'ਚ ਘਿਰੀ ਬੇੜੀ ਜਿਹੀਆਂ
ਦੱਬੀ ਹੁੰਗਾਰੇ ਨੂੰ
ਉਮਰ ਸਮਝ
ਫਿਸਲ ਜਾਂਦੀਆਂ
ਘਰ ਦੀ ਦਹਿਲੀਜ਼ ਟੱਪਦੀਆਂ
ਨਫ਼ਰਤ ਦੇ ਸੈਂਕੜੇ ਰਿਸ਼ਤੇ
ਸਹੇੜ ਬਹਿੰਦੀਆਂ

ਉਂਝ ਸਕੂਲੀ ਕੁੜੀਆਂ
ਘੂਰੀ ਨਾਲ ਝੜ ਜਾਂਦੀਆਂ
ਮੁਸਕਰਾਹਟ ਨਾਲ ਖਿੜ ਪੈਂਦੀਆਂ
ਫੁੱਲ ਪੱਤੀਆਂ
ਕਿਸੇ ਨਾਲ ਕੋਈ ਸ਼ਿਕਵਾ
ਨਾ ਸ਼ਿਕਾਇਤ ਕਰਦੀਆਂ
ਸਾਰਾ ਦਿਨ ਵਰ੍ਹਦੀਆਂ
ਨਿੱਕੀ-ਨਿੱਕੀ ਕਣੀ ਵਾਂਗ
ਸਾਂਝਾਂ ਥੀਂ ਸਰਸਰਾਉਂਦੀਆਂ
ਸਿੱਲੀ ਪੌਣ ਜਿਹੀਆਂ

ਭੋਲੀਆਂ ਘੁੱਗੀਆਂ
ਸਮਝ ਨਾ ਪਾਉਂਦੀਆਂ
ਵੀਰਾਂ ਲਈ ਹੋਰ
ਆਪਣੇ ਲਈ ਹੋਰ
ਸਮਾਜ ਸ਼ਾਸ਼ਤਰ

ਸਕੂਲੀ ਕੁੜੀਆਂ
ਸਿਖ ਰਹੀਆਂ ਹੁੰਦੀਆਂ
ਔਰਤ ਹੋਣਾ
ਜਬਰ ਸਹਿਣਾ

ਸਕੂਲੀ ਕੁੜੀਆਂ ਦੇ ਹੱਥੋਂ
ਖਿਸਕ ਰਿਹਾ ਹੁੰਦਾ ਸੰਘਰਸ਼
ਮੱਥੇ 'ਚ ਉੱਗ ਰਹੀ ਹੁੰਦੀ ਹੋਣੀ
ਸਕੂਲੀ ਕੁੜੀਆਂ
ਆਪਣੀ ਔਕਾਤ ਦੀ ਕਾਇਆ 'ਚ
ਢਲ ਰਹੀਆਂ ਮੂਰਤੀਆਂ
ਸਕੂਲੀ ਕੁੜੀਆਂ
ਆਪਣੇ ਅੰਗਾਂ 'ਚ ਉੱਗ ਰਹੀ
ਔਰਤਾਂ ਦੀ ਕਾਮਨਾ ਸੰਗ ਪੀੜਤ ਹੁੰਦੀਆਂ

ਸਕੂਲੀ ਕੁੜੀਆਂ
ਅੰਤ ਹਾਰ ਜਾਂਦੀਆਂ
ਸਿਲੇਬਸ ਦੀਆਂ ਕਿਤਾਬਾਂ 'ਚ
ਮਰ ਖਪ ਜਾਂਦੀਆਂ

ਸਕੂਲੀ ਕੁੜੀਆਂ
ਪਰਵਾਜ਼ ਲਈ ਪਰ ਤੋਲਦੀਆਂ
ਸ਼ਿਕਾਰ ਹੋ ਬਹਿੰਦੀਆਂ
ਲੁੱਟੀਆਂ ਵੈਰਾਗਣਾਂ
ਸਕੂਲੀ ਕੁੜੀਆਂ
ਕਵਿਤਾ ਦੇ ਐਨ ਮੇਚ ਆਉਂਦੀਆਂ
ਬਿਨਾਂ ਕਿਸੇ ਬਿੰਬ ਪ੍ਰਤੀਕ ਦੇ
ਬਿਨਾਂ ਕਿਸੇ ਫ਼ਲਸਫ਼ੇ ਦੇ
ਸਤਰਾਂ 'ਚ ਢਲਦੀਆਂ
ਖੁੱਲ੍ਹੀਆਂ ਕਵਿਤਾਵਾਂ

## ਸੰਘਰਸ਼ ਦੇ ਅਰਥ

ਤੁਸੀਂ ਕੌਮ ਦੇ ਉਸਰਈਏ ਹੋ
ਕੌਮ—
ਜਿਹੜੀ ਤੁਹਾਡੇ ਹੱਥਾਂ 'ਚੋਂ ਤਿਲਕ ਗਈ ਏ
ਹੁਣ ਤੁਹਾਡੀਆਂ ਅੱਖਾਂ 'ਚ ਹਵਸ
ਮਨਾਂ 'ਚ ਹਉ-ਪਰ੍ਹੇ
ਬਾਹਾਂ 'ਚ ਖ਼ਾਲੀ ਹੱਥ ਹਨ

ਉਜ਼ਰਤਾਂ ਦੇ ਅੰਕੜਿਆਂ 'ਤੇ ਖਲੋਤੇ
ਵਿਲਾਸਤਾ 'ਚ ਮਗਨ
ਪ੍ਰਾਪਤੀਆਂ ਦੇ ਇਤਿਹਾਸ ਦੀਆਂ ਪੈੜਾਂ ਦਾ ਸੇਕ
ਵਿਸਾਰ ਬੈਠੇ ਹੋ
ਬਾਹਰੋਂ ਚੰਦਰਮਾ ਵਾਂਗ ਮਘਦੇ ਦਿਸਦੇ
ਅੰਦਰੋਂ ਠਰੇ ਹੋ
ਜਿੱਤ ਦੇ ਜਸ਼ਨ ਮਨਾਉਂਦੇ ਹਾਰ ਰਹੇ ਹੋ
ਨਿੱਕੇ-ਨਿੱਕੇ ਸੁੱਖਾਂ, ਮਹੀਨ ਸਹੂਲਤਾਂ
ਖੋਹ ਲਏ ਤੁਹਾਡੇ ਕੋਲੋਂ
ਅਰਥ ਜਿੱਤ ਹਾਰ ਦੇ
ਸੰਘਰਸ਼ ਦੇ ਅਰਥ
ਤੁਹਾਡੇ ਬੋਝੇ 'ਚੋਂ ਕਿਰ ਕੇ
ਮਜ਼ਦੂਰ ਬਸਤੀਆਂ 'ਚ ਰੁਲ ਰਹੇ

ਯੂਨੀਅਨ ਦੇ ਨੁਮਾਇੰਦਿਆਂ ਨੂੰ
ਥਮਾ ਦੇਣੀ ਫ਼ੰਡ ਦੀ ਸਹਾਇਤਾ ਰਾਸ਼ੀ
ਹਿੱਸੇਦਾਰ ਬਣ ਬਹਿਣਾ ਸੰਘਰਸ਼ ਦੇ
ਇੰਨੇ ਸੁੰਘੜ ਗਏ ਨੇ ਮੈਣੇ
ਸੰਘਰਸ਼ ਦੇ ਤੁਹਾਡੇ ਲਈ
ਇਹ ਤੁਹਾਡੀ ਰੀਂਗਦੀ ਸੋਚ ਦੀ

ਅਧਮੋਈ ਕਾਇਆ ਦਾ ਸਫ਼ਰ ਹੈ
ਜਿਸ ਦੀਆਂ ਪੈੜਾ ਦੀ ਕਨਸੋਅ
ਹਕੂਮਤੀ ਚਿਹਰੇ 'ਚ ਪੈਲ ਪਾ ਰਹੀ ਹੈ

ਸੰਘਰਸ਼—
ਹਕੂਮਤਾਂ ਦੇ ਮੱਥੇ 'ਚ
ਇੱਟ ਵਾਂਗ ਵੱਜਣ ਦਾ ਨਾਮ ਹੈ
ਸੰਘਰਸ਼, ਘਰਾਂ ਨੂੰ ਅਲਵਿਦਾ ਕਹਿ
ਚੁਣੌਤੀਆਂ 'ਚ ਹੜ੍ਹ ਜਾਣ ਦਾ ਅਮਲ ਹੈ

ਇਸ ਤੋਂ ਪਹਿਲਾਂ ਕਿ
ਨਾਅਰਾ ਬਣ ਜਾਵੇ ਮੇਰੀ ਕਵਿਤਾ
ਤੁਸੀਂ ਮੇਰੀ ਕਵਿਤਾ ਦੀ ਚੁੱਪ ਨੂੰ ਸੁਣੋ
ਹਨੇਰੇ ਭਵਿੱਖ ਦੀ ਗੁਫ਼ਤਗੂ ਸੁਣੋ

ਆਉ ! ਤਿਆਗ ਕੇ ਡਰ ਬੌਣੇ
ਰੌਸ਼ਨੀ ਵੱਲ ਜਾਂਦੇ ਰਾਹ ਦੇ
ਹਮਨਕਸ਼ ਹੋ ਜਾਈਏ

## ਕਵਿਤਾ ਦਾ ਮੁਹਾਂਦਰਾ

ਜਿਵੇਂ ਕਵਿਤਾ 'ਚ
ਬਿੰਬ ਬਦਲ ਲਈਦੇ ਨੇ
ਇੰਝ ਮੈਂ ਬਦਲ ਲਈ
ਆਪਣੇ ਕੰਮ ਵਾਲੀ ਥਾਂ

ਪਰ ਮੇਰਾ ਵਿਵਹਾਰ
ਮੇਰੇ ਨਾਲ ਹੀ ਤੁਰ ਆਇਆ ਹੈ

ਮੇਰੇ ਕੰਨਾਂ 'ਚ
ਭਿੱਜੀਆਂ ਅੱਖਾਂ ਦੀ ਆਵਾਜ਼ ਗੂੰਜਦੀ
ਪਰ ਮੇਰੇ ਹੁੰਗਾਰੇ ਤਾਂ
ਪਰਸ ਵਿਚ ਸਨ
ਜੋ ਕਿਧਰੇ ਰਾਹ ਵਿਚ ਹੀ ਗੁੰਮ ਗਿਆ

ਮੈਨੂੰ ਕੁਝ ਬੇਉਮੀਦੇ ਫ਼ੋਨ ਆਏ
ਮੈਂ ਆਪਣੀ ਉਮੀਦ ਦਾ ਹੱਥ
ਕਿਸ ਸਿਰ 'ਤੇ ਧਰਾਂ !

ਮੈਨੂੰ ਪਿੱਛੇ ਰਹਿ ਗਏ ਚੇਤਿਆਂ ਦੀਆਂ
ਆਵਾਜ਼ਾਂ ਸੁਣਦੀਆਂ ਹਨ
ਮੇਰਾ ਵਰਤਮਾਨ ਖ਼ਾਮੋਸ਼ ਕਿਉਂ ਹੈ

ਇਹ ਮੈਂ ਕਿੰਝ ਦੀਆਂ ਗੱਲਾਂ ਕਰਨ ਲੱਗ ਪਿਆ ਹਾਂ
ਕੀ ਕੰਮ ਵਾਲੀ ਥਾਂ ਬਦਲਿਆਂ
ਕਵਿਤਾ ਦਾ ਮੁਹਾਂਦਰਾ ਵੀ ਬਦਲ ਜਾਂਦਾ ਹੈ

\-

## ਖ਼ਬਰ ਪੜ੍ਹਦਿਆਂ

ਖ਼ਬਰ ਪੜ੍ਹਦਿਆਂ
ਤਿਲਕ ਗਏ ਮਾਸਟਰ ਜੀ
ਚਲਦੀ ਬੱਸ 'ਚੋਂ ਕਿਰ ਗਈਆਂ
ਵਿਚਾਰੀਆਂ ਸਵਾਰੀਆਂ
ਬੱਚੇ ਸਕੂਲ ਨੂੰ ਨਿਹਾਰਦੇ ਬੋਰ ਹੋ ਗਏ
ਟੱਲੀ ਵੀ ਨਾ ਵੱਜੀ
ਭਰੇ ਮਨ ਨਾਲ
ਘਰੀਂ ਮੁੜਦੇ ਬੱਚਿਆਂ ਨੇ
ਪਹਿਲੀ ਵਾਰ ਤੱਕੇ ਗਲੀਆਂ ਦੇ ਟੋਏ

ਤਾਈ ਨੇ ਨਿਹੋਰੇ ਵਰਗਾ
ਤਾਏ ਨੇ ਬੜਕ ਵਰਗਾ
ਪ੍ਰਸ਼ਨ ਦਾਗਿਆ
ਦਾਦੇ ਨੇ ਧੀ-ਜਾਵੀ, ਕੁੜੀ-ਜਾਵਾ
ਵਰਗੇ ਵਿਸ਼ਲੇਸ਼ਣ ਲਗਾਏ

ਮੁੰਡਿਆਂ ਹੱਥੀਂ ਦਾਤੀ ਪੱਲੀ
ਕੁੜੀਆਂ ਹੱਥੀਂ ਚੌਂਕਾ, ਝਾੜੂ
ਸਕੂਲ ਦਾ ਬਦਲ ਬਣ ਗਏ

ਬੱਸ 'ਚੋਂ ਕਿਰੀਆਂ ਸਵਾਰੀਆਂ
ਮੋਬਾਇਲ ਦੀ ਰਿੰਗ ਟੋਨ
ਬਣ ਕੇ ਰਹਿ ਗਈਆਂ
ਤਿਲਕ ਗਏ ਮਾਸਟਰ ਜੀ
ਦੁਪਹਿਰੋਂ ਬਾਂਅਦ
ਸਕੂਲ ਵੱਲ ਭੱਜੇ ਜਾਂਦੇ
ਸੱਖਣੇ ਰਾਹਾਂ ਨੇ ਤੱਕੇ

## ਮੇਰਾ ਸ਼ਹਿਰ

ਸ਼ਹਿਰ ਮੇਰਾ
ਵਿਕਾਸ ਦੀਆਂ
ਜਨਮ ਪੀੜਾਂ ਸਹਿ ਰਿਹਾ
ਘਣੇ ਗੁਬਾਰ 'ਚ ਲਿਪਟਿਆ
ਸੁਪਨਿਆਂ ਦੇ ਸਿਤਾਰੇ ਸਿਰਜ ਰਿਹਾ

ਸੜਕਾਂ ਸ਼ਹਿਰਾਂ ਦੀਆਂ ਬੇਬਸ ਹੋਈਆਂ
ਬੇਤਰਤੀਬੀ ਭੀੜ ਦੇ ਕਦਮਾਂ ਥੱਲੇ
ਸਹਿਕ ਰਹੀਆਂ
ਮਹਿੰਗੇ ਮਾਲਾਂ ਦੇ ਵਿਸਥਾਰ ਦੀ ਛਾਵੇਂ
ਸੁੰਘੜ ਰਹੀ
ਮੌਜ ਗੁਰਬਤ ਜੀਣ ਦੀ

ਸ਼ਹਿਰ ਮੇਰੇ ਦੀਆਂ ਵੱਖੀਆਂ 'ਚ
ਨਕਸ਼ ਪਿੰਡਾਂ ਦੇ
ਸ਼ਹਿਰ ਦੀ ਤਹਿਜ਼ੀਬ 'ਚ ਖੁਰ ਰਹੇ
ਨਵੀਆਂ ਉਸਾਰੀਆਂ
ਉਸਾਰ ਰਹੀਆਂ ਸਾਂਝਾਂ ਨਵੀਆਂ
ਰਿਸ਼ਤੇ ਨਵੇਂ ਆਕਾਰ ਲੈ ਰਹੇ
ਕੁਝ ਜੀਅ ਰਹੇ ਕੁਝ ਮਰ ਰਹੇ
ਕੁਝ ਗਰਜ਼ ਰਹੇ ਕੁਝ ਡਰ ਰਹੇ
ਟੁੱਟਦਾ ਜੁੜਦਾ ਸ਼ਹਿਰ ਮੇਰਾ
ਬਹੁਤ ਮੂੰਹ ਜ਼ੋਰ ਹੋ ਗਿਆ

ਸ਼ਹਿਰ ਮੇਰਾ ਪਰ ਜੰਗਲ ਨਹੀਂ ਹੈ
ਜੰਗਲ ਦੀ ਤਹਿਜ਼ੀਬ ਹੰਢਾਵੇ
ਜੰਗਲ ਦਾ ਸੁਹਜ ਦਿਖਾਵੇ
ਇਹ ਵੱਸ ਨਾ ਮੇਰੇ ਸ਼ਹਿਰ ਦੇ

ਸ਼ਹਿਰ ਮੇਰੇ ਦੇ ਵਾਰਸ
ਰਾਤ ਭਰ ਮੌਨੀਟਰ 'ਚ ਜਾਗਦੇ
ਦਿਨ ਵੇਲੇ ਖ਼ਾਬਹੀਣ ਨੀਂਦ ਮਾਣਦੇ
ਕੁਦਰਤ ਦੀ ਮਹਿਮਾ ਨਾ ਜਾਣਦੇ

ਸ਼ਹਿਰ ਮੇਰਾ ਗੁਰੂ ਦੀ ਨਗਰੀ
ਗੁਰੂ ਦੀ ਮਹਿਮਾ ਗਾਉਂਦਾ
ਸਾਰਾ ਦਿਨ ਝੂਠ ਕਮਾਉਂਦਾ

ਸ਼ਹਿਰ ਮੇਰੇ 'ਚ
ਮੁਹੱਬਤਾਂ ਵੀ ਵੱਸਦੀਆਂ
ਕਹਿਕਹੇ ਲਾ ਖੁੱਲ੍ਹ ਕੇ ਨੇ ਹੱਸਦੀਆਂ
ਪਰ ਸ਼ੋਰ ਨਾ ਮਚਾਉਂਦੀਆਂ
ਚੁੱਪਚਾਪ ਸ਼ਹਿਰ ਨੂੰ ਜ਼ਿੰਦਾ ਰੱਖਦੀਆਂ

ਸ਼ਹਿਰ ਮੇਰੇ ਕੋਲ ਭੈਅ ਨਹੀਂ
ਕਾਹਲ ਹੈ
ਸ਼ਹਿਰ ਮੇਰੇ ਦੀ ਕਾਹਲ 'ਚ ਵੀ ਦਮ ਹੈ
ਬੇਲਗਾਮ ਗਤੀ ਵਿਚੋਂ
ਕਵਿਤਾ ਕਸ਼ੀਦ ਲੈਣ ਦਾ ਸ਼੍ਰਮ ਹੈ

ਸ਼ਹਿਰ ਮੇਰਾ
ਸ਼ਰਧਾ 'ਚ ਭਿੱਜਾ ਵੀ ਜਾਪਦਾ
ਸ਼ਹਿਰ ਮੇਰਾ ਨਸ਼ਿਆਂ 'ਚ
ਡੁੱਬਾ ਵੀ ਜਾਪਦਾ
ਸ਼ਹਿਰ ਮੇਰਾ
ਕਲਾਵਾਂ ਅੰਦਰ ਵੀ ਧੜਕਦਾ
ਸ਼ਹਿਰ ਮੇਰਾ
ਨਫ਼ਰ ਅੰਦਰ ਵੀ ਸੁਲਘਦਾ
ਸ਼ਹਿਰ ਮੇਰਾ ਮੁਹੱਬਤਾਂ ਦੇ ਸਿਰਨਾਵੇਂ ਵੀ ਲਿਖਦਾ

ਸ਼ਹਿਰ ਮੇਰੇ 'ਚ
ਕਵਿਤਾ ਦੀਆਂ ਅੱਖਾਂ 'ਚ
ਲਾਲੀ ਤੈਰ ਰਹੀ
ਕਵਿਤਾ, ਕਵਿਤਾ ਲਈ
ਮੋਹ ਦੇ ਦਰ ਢੋਅ ਰਹੀ
ਕਵਿਤਾ, ਕਵਿਤਾ ਨੂੰ
ਪਹਿਚਾਨਣ ਤੋਂ ਇਨਕਾਰੀ
ਵਿਰੋਧੀ ਜ਼ੁੱਟਾਂ 'ਚ
ਲਾਮਬੰਦ ਹੋ ਰਹੀ
ਸ਼ਹਿਰ ਮੇਰੇ ਦਾ ਆਪਣਾ ਇਕ ਭੂਗੋਲ ਹੈ
ਦਰਵਾਜ਼ਿਆਂ ਅੰਦਰ ਬੰਦ
ਸ਼ਹਿਰ ਪੁਰਾਣਾ ਗੋਲ ਹੈ
ਵਕਤ ਨਾਲ
ਸ਼ਹਿਰ ਦਾ ਫੈਲਾਅ ਜ਼ਰੂਰੀ ਸੀ
ਇਹ ਸ਼ਹਿਰ ਮੇਰੇ ਦੀ ਵੀ
ਮਜਬੂਰੀ ਸੀ

ਤੁਸੀਂ ਸ਼ਹਿਰ ਮੇਰੇ
ਆਓ ਤਾਂ ਸਹੀ ਦੋਸਤੋ!
ਮੁਹੱਬਤਾਂ ਦੇ ਦਰ ਖੁੱਲ੍ਹੇ ਉਡੀਕ ਰਹੇ
ਮੰਡੀ ਤੋਂ ਜ਼ਰਾ ਹਟਵੇਂ
ਵਿਰਸਾ ਵਿਹਾਰ 'ਚ
ਤੁਹਾਨੂੰ ਮਿਲਣਗੀਆਂ
ਨਿੱਘੀਆਂ ਗਲਵੱਕੜੀਆਂ
ਵਿਰਸੇ ਦੇ ਭਿੰਨ ਰੰਗਾਂ 'ਚ
ਤੁਸੀਂ ਡੁੱਬ ਜਾਓਗੇ
ਮੈਨੂੰ ਆਸ ਹੈ ਤੁਸੀਂ ਜ਼ਰੂਰ ਆਓਗੇ

## ਜਿੱਤ ਦਾ ਅਹਿਸਾਸ

ਮੇਰੀਏ ਧੀਏ ! ਤੇਰੀ ਆਮਦ
ਮੇਰੀ ਜਿੱਤ, ਮੇਰਾ ਸਕੂਨ
ਕੁੱਖ ਅੰਦਰ
ਅਲਟਰਾ ਸਾਊਂਡ ਦੀ ਅੱਖ ਨੇ
ਜਦ ਤੈਨੂੰ ਸਿਆਣਿਆਂ
ਚਰਚਾ ਉਸੇ ਘੜੀ
ਦਫ਼ਨ ਤੈਨੂੰ ਕਰਨ ਦੀ
ਘਰ ਘਰ ਚੱਲ ਪਈ

ਮੇਰੀਏ ਬੱਚੀਏ !
ਮੈਂ ਇਕ ਮਾਂ—ਇਕ ਔਰਤ
ਵੱਡੀ ਹੋ ਕੇ ਜਾਣੇਂਗੀ ਤੂੰ
ਅਰਥ ਔਰਤ ਹੋਣ ਦੇ
ਕੰਬ ਜਾਵੇਂਗੀ
ਪਰ ਨਾ ਕੰਬੀਂ—ਨਾ ਡਰੀਂ
ਸੰਭਲੀਂ, ਲੜੀਂ
ਕਿ ਜਨਮ ਤੇਰਾ
ਲੰਬੀ ਇਕ ਲੜਾਈ ਦਾ ਆਗਾਜ਼ ਹੈ

ਲਾਡਲੀਏ ! ਵੇਖੇਂਗੀ ਤੂੰ
ਧੀਆਂ ਦੀਆਂ ਮਾਵਾਂ
ਇਕ ਬੱਚੇ ਲਈ ਤਰਸਦੀਆਂ
ਕਿ 'ਬੱਚਾ' ਸ਼ਬਦ ਦੇ
ਮਾਪਦੰਡ ਇਥੇ ਹੋਰ ਨੇ

ਤੂੰ ਵਿਰੋਧ ਦਾ ਖੌਲਦਾ ਦਰਿਆ
ਉਲੰਘ ਆਈ ਹੈਂ

ਤੇਰੇ ਸਤਿਕਾਰ ਲਈ ਨਫ਼ਰਤ ਦੇ
ਸੈਂਕੜੇ ਰਿਸ਼ਤੇ ਖੜੇ ਨੇ

ਮੋਹ, ਮੁਹੱਬਤ, ਮਮਤਾ ਵਰਗੇ ਸ਼ਬਦ
ਤੈਨੂੰ ਆਪ ਹੀ ਪੈਣੇ ਨੇ ਸਿਰਜਣੇ
ਆਪ ਹੀ ਸੰਜੀਵ ਕਰਨੇ ਪੈਣਗੇ
ਅਰਥ ਇਨ੍ਹਾਂ ਸ਼ਬਦਾਂ ਦੇ

ਜਾਣ ਕੇ ਸਭ ਕੁਝ ਮਾਣ ਕਰੇਂਗੀ ਤੂੰ
ਕਿ ਜਨਮ ਮੈਂ ਤੈਨੂੰ ਦਿੱਤਾ
ਮੈਂ ਧੀ ਨੂੰ ਨਹੀਂ
ਇਕ ਸੋਚ ਜਨਮ ਹੈ ਦਿੱਤਾ
ਤੂੰ ਇਸ ਸੋਚ ਨੂੰ ਵਿਸਥਾਰ ਦੇਣਾ ਹੈ

ਮੇਰੀਏ ਧੀਏ! ਤੇਰੀ ਆਮਦ
ਮੇਰੀ ਜਿੱਤ—ਤੇਰੀ ਜਿੱਤ
ਜਿੱਤ ਦੇ ਇਸ ਅਹਿਸਾਸ ਨੂੰ
ਆਪਾਂ ਸਹਿਜ ਬਣਾਉਣਾ ਹੈ

## ਤੀਆਂ

ਕਦੀ ਸਾਉਣ ਵਰ੍ਹਦਾ ਸੀ
ਹਾੜ ਦੀ ਤਪਾਈ
ਭੋਇੰ ਠਰ੍ਹਦੀ
ਘਣੇ ਬੱਦਲਾਂ ਦੀ ਛਾਵੇਂ
ਪਿੰਡ ਦੀ ਜੂਹ 'ਚ
ਲੱਗਦੀਆਂ ਸਨ ਤੀਆਂ
ਪੈਂਦੀਆਂ ਸਨ ਪੀਂਘਾਂ
ਝੂਟਦੀਆਂ ਸਨ ਕੁੜੀਆਂ
ਬੋਲੀ ਦੀ ਹੇਕ 'ਤੇ
ਗਿੱਧੇ ਦੀ ਤਾਲ 'ਤੇ
ਹੱਸਦੀ ਸੀ ਕਾਇਨਾਤ

ਚੋਂਦੀਆਂ ਛੱਤਾਂ ਦਾ
ਵਿਰਲਾਪ ਵੀ ਹੁੰਦਾ
ਕੱਚੀਆਂ ਕੰਧਾਂ ਦੇ ਢਹਿਣ ਦਾ
ਦਹਿਲਾ ਜਾਂਦਾ ਸ਼ੋਰ ਵੀ
ਪਰ ਪੱਕਦੇ ਪੂੜਿਆਂ 'ਚ
ਰਿੱਝਦੀਆਂ ਖੀਰਾਂ 'ਚ
ਮਹਿਕ ਮਹਿਕ ਹੋ ਖਿੰਡ ਜਾਂਦਾ
ਹਰ ਫ਼ਿਕਰ

ਮੇਘਲਾ ਵੱਸਦਾ
ਫ਼ਸਲ ਨੱਚਦੀ
ਕਿਸਾਨ ਹੱਸਦਾ
ਹਰ ਗਲੀ, ਮੁਹੱਲੇ
ਹਰ ਘਰ ਦੇ ਅੰਦਰ ਬਾਹਰ
ਰੱਬ ਵੱਸਦਾ

ਹੁਣ ਸਾਉਣ ਦੇ ਬਹਾਨੇ
ਤੀਆਂ ਦੇ ਨਾਂ 'ਤੇ
ਵਿਉਂਤੇ ਜਾਂਦੇ ਨੇ ਸਮਾਗਮ
ਉਡੀਕੇ ਜਾਂਦੇ ਨੇ ਮੁੱਖ ਮਹਿਮਾਨ
ਸਟੀਰੀਓ ਦੇ ਸ਼ੋਰ 'ਤੇ
ਥਿਰਕਦੇ ਜਿਸਮ
ਕੈਮਰੇ ਦੇ ਫੋਕਸ 'ਚ
ਪੋਜ਼ ਬਣਦੀਆਂ ਕੁੜੀਆਂ
ਫਲੈਸ਼ ਦੀ ਲਿਸ਼ਕ
ਦੁਹਰਾਈ ਜਾਂਦੀ ਸੈਂਕੜੇ ਵਾਰ
ਪੋਪ ਸੰਗੀਤ ਤੇ ਥਿਰਕਦੀਆਂ ਕੁੜੀਆਂ
ਤਸਵੀਰਾਂ ਬਣਦੀਆਂ ਕੁੜੀਆਂ
ਗਿੱਧੇ ਦੀ ਬੋਲੀ ਨਾ ਬਣਦੀਆਂ
ਤੀਆਂ ਦੇ ਤਿਉਹਾਰ ਨਾ ਬਣਦੀਆਂ

ਕਿੰਨਾ ਕੁਝ ਬਦਲ ਗਿਆ
ਬਦਲ ਗਈਆਂ ਤੀਆਂ ਵੀ

ਹੁਣ ਨਾ ਅੰਬਰ 'ਤੇ ਪੈਂਦੀ ਪੀਂਘ
ਨਾ ਸਾਰੀ ਰਾਤ ਨੱਚਣ ਲਈ
ਧਰਤੀ ਕਲੀ ਕਰਾਉਂਦਾ ਕੋਈ

## ਪੁਰਾਣੀਆਂ ਵਸਤਾਂ

ਘਰਾਂ ਵਿਚੋਂ ਬਾਹਰ ਸੁੱਟੀਆਂ ਜਾ ਰਹੀਆਂ
ਵਸਤਾਂ ਪੁਰਾਣੀਆਂ

ਕੰਨਾਂ ਨੂੰ ਖਾ ਰਿਹਾ ਸੋਨਾ
ਜੀਆਂ ਨੂੰ ਖੋਰ ਰਿਹਾ ਰਿਸ਼ਤਾ
ਮਰਿਆਦਾ ਉਲੰਘ ਰਿਹਾ ਇਰਾਦਾ
ਬਾਹਰ ਸੁੱਟਿਆ ਜਾ ਰਿਹਾ
ਕਦੀ ਚਾਅ ਨਾਲ ਖਰੀਦਿਆ
ਅਲਮਾਰੀਆਂ 'ਚ ਸਾਂਭਿਆ
ਵਕਤ ਨਾਲ ਬੇਲੋੜਾ ਹੋ ਗਿਆ
ਬਾਜ਼ਾਰ ਬੇਸ਼ਕੀਮਤੀ

ਘਰ ਦੇ ਇਕ ਦਰਵਾਜ਼ੇ
ਬਾਜ਼ਾਰ ਦਾਖ਼ਲ ਹੋ ਰਿਹਾ
ਦੂਜੇ ਬੂਹੇ ਬਾਹਰ ਸੁੱਟਿਆ ਜਾ ਰਿਹਾ
ਘਰ ਅੰਦਰਲੀਆਂ
ਵਸਤਾਂ, ਜੀਆਂ, ਰਿਸ਼ਤਿਆਂ ਦੇ
ਵਕਤ ਨਾਲ
ਬਦਲ ਅਰਥ ਕਿੰਨੇ ਜਾਂਦੇ

ਸ਼ਬਦ ਜੋ ਪਿਆਰ ਨਾਲ ਟਿਕਾਏ ਹੁੰਦੇ
ਸਤਰਾਂ 'ਚ
ਵਾਧੂ ਬੋਝ ਬਣ ਰੜਕਣ ਲੱਗਦੇ
ਸੁਹਜ ਸਤਰਾਂ ਦਾ ਵਿਗਾੜਦੇ
ਨੋਚ ਲੈਂਦੇ ਮੁਹਾਂਦਰਾ ਕਵਿਤਾ ਦਾ

ਪਰ ਘਰ ਅੰਦਰ ਵਸਤਾਂ ਦੀ ਆਵਾਜਾਈ
ਘਰ ਦਾ ਸੁਹਜ ਨਾ ਨਿਖਾਰਦੀ

ਬੇਆਰਾਮ ਰਹਿੰਦੀਆਂ
ਵਸਤਾਂ ਘਰ ਅੰਦਰ ਪਈਆਂ
ਲੋੜਾਂ, ਗ਼ਰਜ਼ਾਂ ਤੋਂ ਬਾਅਦ ਦਾ ਖਿਲਾਰਾ
ਖ਼ੌਫ਼ 'ਚ ਜੀਅ ਰਿਹਾ

ਬੇਲੋੜੀਆਂ ਬਣ ਗਈਆਂ ਵਸਤਾਂ 'ਚ
ਸ਼ਾਮਲ ਮੈਂ ਵੀ
ਬਾਹਰ ਸੁੱਟੇ ਜਾਣ ਤੋਂ ਡਰ ਰਿਹਾਂ

# ਪਿਤਾ—ਦੋ ਕਵਿਤਾਵਾਂ

-1-

ਘਰ ਦੀ ਸਲਾਮਤੀ ਲਈ
ਹਰ ਵਾਰ ਪਿਤਾ ਜਾਂਦਾ ਸੀ ਪਰਦੇਸ
ਘਰ ਤੇ ਮਾਂ
ਇਕੱਲਤਾ ਹੰਢਾਉਂਦੇ
ਮਨੀਆਰਡਰ ਦੀ ਕਰਦੇ ਉਡੀਕ
ਆਪਣੇ ਨਿੱਕੇ ਭੈਣ ਭਰਾਵਾਂ ਸੰਗ
ਮੈਂ ਬਚਪਨ ਤੋਂ ਤੱਕਿਆ ਸੀ ਇਹ ਵਰਤਾਰਾ
ਪੜ੍ਹੇ ਸਨ ਪਿਤਾ ਦੇ ਮੋਹ ਭਿੱਜੇ ਖ਼ਤ
ਜਵਾਬ 'ਚ ਲਿਖੇ ਸਨ ਮਾਂ ਦੀ ਮਾਰਫ਼ਤ
ਤੰਗੀਆਂ ਤੁਰਸ਼ੀਆਂ ਦੇ ਕਿੱਸੇ

ਪਰਵਾਸੀ ਪੰਛੀਆਂ ਵਾਂਗ
ਜਦ ਕਦੀ ਘਰ ਪਰਤਦਾ ਪਿਤਾ
ਚਾਰ ਦਿਨ ਨੱਚਦਾ ਛੁਦਕਦਾ ਘਰ
ਮਾਂ-ਬਾਪ ਉਲੀਕਦੇ ਸੁਪਨੇ ਕਈ
ਨਵਾਂ ਘਰ ਸਿਰਜਦੇ
ਨਵੀਆਂ ਆਸਾਂ ਬੀਜਦੇ ਬੱਚਿਆਂ ਅੰਦਰ
ਪਰ ਲੋੜਾਂ-ਥੁੜਾਂ ਦੇ ਸੰਸਿਆਂ ਹੇਠ
ਦੱਬੇ ਜਾਂਦੇ ਸੁਪਨੇ, ਆਸਾਂ

ਪਿਤਾ ਨੇ ਵਾਪਸ ਪਰਤਣਾ ਹੁੰਦਾ
ਪਰਤ ਜਾਂਦਾ
ਘਰ ਤੇ ਮਾਂ ਕੋਲ ਰਹਿ ਜਾਂਦੀ
ਖ਼ਤਾਂ ਦੀ ਉਡੀਕ
ਮਨੀਆਰਡਰ ਦੀ ਆਸ
ਫਿਰ ਇਕ ਦਿਨ

ਮਨੀਆਰਡਰ ਦੀ ਥਾਂ ਤਾਰ ਆਈ
ਵੈਣਾਂ ਦੇ ਹੜ੍ਹ 'ਚ ਡੁੱਬ ਗਿਆ ਘਰ

ਮੈਂ ਮਾਂ ਨੂੰ ਲੈ ਪਹੁੰਚਦਾ ਉਸ ਸ਼ਹਿਰ
ਮਹਾਂਨਗਰ 'ਚ
ਲੱਭਦਾ ਪਿਤਾ ਦੀ ਰਿਹਾਇਸ਼ ਦਾ ਤੰਗ ਕੋਨਾ
ਜਾਣਦਾ ਪਿਤਾ ਦੀਆਂ ਕਠਿਨ ਰਹਿਣ ਹਾਲਤਾਂ

ਮੋਏ ਪਿਤਾ ਦੀਆਂ
ਤੱਕਦਾ ਜਿਊਂਦੀਆਂ ਵਸਤਾਂ
ਵਸਤਾਂ ਜਿਨ੍ਹਾਂ 'ਚ ਚੀਖਦਾ
ਪਿਤਾ ਦਾ ਸੰਘਰਸ਼
ਮੈਨੂੰ ਸਮਝ ਆਉਂਦੇ
ਮਨੀਆਰਡਰ ਦੇ ਅਰਥ
ਪਿਤਾ ਹੋਣ ਦਾ ਅਹਿਸਾਸ ਜਾਗਦਾ

ਪਹਿਲੀ ਵਾਰ ਸਮਝ ਆਏ ਮੈਨੂੰ
ਪਿਤਾ ਹੋਣ ਦੇ ਅਰਥ

-2-
ਮਾਂ ਨੂੰ ਸਮਰਪਤ ਕੀਤੀ
ਮੈਂ ਆਪਣੀ ਪਹਿਲੀ ਪੁਸਤਕ
ਹੋਰ ਵੀ ਲਿਖੀਆਂ ਕਵਿਤਾਵਾਂ ਕਈ
ਮਾਂ ਲਈ

ਮੋਈ ਮਾਂ
ਮੇਰੀਆਂ ਕਵਿਤਾਵਾਂ 'ਚ
ਕਈ ਵਾਰ ਜੀਅ ਪਈ
ਮਾਂ ਦੀ ਮਮਤਾ, ਹੇਰਵਾ
ਸਮਝ 'ਚ ਪੈਂਦਾ

ਪਰ ਪਿਤਾ ਲਈ
ਮੈਂ ਨਾ ਲਿਖੀ ਕਵਿਤਾ ਕੋਈ
ਨਾ ਪਿਤਾ ਨੂੰ
ਸਮਰਪਤ ਮੇਰੀ ਸਿਰਜਣਾ ਹੋਈ
ਕੀ ਸੀ ਰਿਸ਼ਤਾ ਮੇਰਾ ਪਿਤਾ ਨਾਲ
ਕੀ ਹੈ ਰਿਸ਼ਤਾ ਮੇਰਾ ਪਿਤਾ ਲਈ

ਮੇਰੀ ਕਵਿਤਾ
ਇਸ ਰਿਸ਼ਤੇ ਨੂੰ ਪੁਨਰ ਵਿਚਾਰ ਕਰ ਰਹੀ
-

## ਲੰਬੀ ਛੁੱਟੀ 'ਤੇ ਜਾਣਾ ਚਾਹੁੰਦੀ ਕਵਿਤਾ

ਹਰ ਕਿਸੇ ਵਾਂਗ
ਕਵਿਤਾ ਵੀ ਜਾਣਾ ਚਾਹੁੰਦੀ
ਪਰ ਨਹੀਂ ਮਿਲਦੀ ਉਸ ਨੂੰ ਛੁੱਟੀ

ਤਾਹਨੇ ਮਿਹਣੇ ਸਹਿੰਦੀ
ਦੰਭ ਮੱਕਾਰ ਦੀ ਸ਼ਿਕਾਰ
ਕਵਿਤਾ ਚਾਹੁੰਦੀ ਲੰਬੀ ਛੁੱਟੀ

ਨਾ ਮੁਹੱਬਤ ਉਸ ਦਾ ਹਾਸਲ ਰਹੀ
ਨਾ ਸਫ਼ਰ ਉਸ ਦੇ ਮੇਚ ਆਏ
ਨਾ ਬਣ ਸਕੀ ਸੁਪਨਿਆਂ ਦੀ ਹਾਨਣ
ਨਾ ਉਸ ਦੇ ਚੇਤਿਆਂ 'ਚ ਰੁਸ਼ਨਾਏ
ਹਨੇਰੇ ਗਰਾਂ ਦੇ ਧੁੰਦਲੇ ਚੇਤੇ

ਕਵਿਤਾ ਲੰਬੀ ਛੁੱਟੀ ਚਾਹੁੰਦੀ
ਕਿਉਂਕਿ ਉਸ ਦਾ ਸਿਰਜਣਹਾਰ
ਸ਼ਬਦਾਂ ਦਾ ਕਰ ਬਲਾਤਕਾਰ
ਵਿਸ਼ਿਆਂ ਨਾਲ ਗੰਦੀ ਖੇਡ ਖੇਡਦਾ
ਵਿਚਾਰਾਂ ਨੂੰ ਟੰਗਦਾ ਚੌਂਕ ਚੁਰਾਹੇ
ਕਵਿਤਾ ਦੀ ਭੀੜ 'ਚ ਘਿਰੀ ਕਵਿਤਾ
ਲੰਬੀ ਛੁੱਟੀ ਚਾਹੁੰਦੀ

ਕਵਿਤਾ ਤਾਂ ਸੀ ਆਲੀ ਭੋਲੀ
ਪੂੰਜੀ ਦੇ ਵਰਤਾਰੇ ਨੇ
ਗਲੋਬਲੀ ਝਲਕਾਰੇ ਨੇ
ਧੁੰਦਲੇ ਕਰ ਦਿੱਤੇ ਨਕਸ਼ ਕਵਿਤਾ ਦੇ

ਕਵਿਤਾ ਛੁੱਟੀਆਂ 'ਚ
ਪਹਾੜਾਂ 'ਤੇ ਨਹੀਂ ਜਾਣਾ ਚਾਹੁੰਦੀ

ਨਾ ਜੰਗਲਾਂ ਨੂੰ ਗਾਹੁਣਾ ਚਾਹੁੰਦੀ
ਨਾ ਮਹਾਨਗਰ ਕਿਸੇ ਦੀ
ਚਮਕ ਦਮਕ ਦਾ ਹਿੱਸਾ ਬਣਨਾ ਲੋਚੇ

ਉਹ ਤਾਂ ਕਵੀ ਦੀ ਚੁੱਪ ਕੋਲ ਰਹਿਣਾ ਚਾਹੁੰਦੀ
ਸ਼ਬਦ-ਵਸਤਰਾਂ ਤੋਂ ਨਿਰਵਸਤਰ ਹੋਣਾ ਚਾਹੁੰਦੀ

ਬੜੇ ਨੋਕੀਲੇ ਹੋ ਗਏ ਨੇ ਸ਼ਬਦ
ਕੰਕਰਾਂ ਰੋੜਾਂ ਵਰਗੇ
ਉਸ ਦੀ ਦੇਹ ਨੂੰ ਛਲਣੀ ਕਰਦੇ
ਰੂਹ ਉਸ ਦੀ ਨੂੰ ਜ਼ਖ਼ਮੀ ਕਰਦੇ

ਜਦ ਫੁੱਟਣਗੇ ਨਵੇਂ ਪੱਤਿਆਂ ਵਰਗੇ ਕੋਮਲ ਸ਼ਬਦ
ਜਦ ਖਿੜਨਗੇ ਕਲੀਆਂ ਵਰਗੇ ਮਾਸੂਮ ਸ਼ਬਦ
ਜਦ ਆਉਣਗੇ ਬੱਚੇ ਦੀ ਮੁਸਕਰਾਹਟ ਜਿਹੇ
ਨੰਨੇ ਸ਼ਬਦ
ਪਰਤ ਆਵੇਗੀ ਕਵਿਤਾ ਛੁੱਟੀਆਂ ਤੋਂ

ਕਵਿਤਾ ਦੀ ਹੁਣ ਆਵਾਜ਼ ਨਾ ਕੋਈ
ਕਵਿਤਾ ਦੀ ਹੁਣ ਗੂੰਜ ਨਾ ਕੋਈ
ਹਰ ਥਾਂ ਹਾਜ਼ਰ ਕਵਿਤਾ
ਪੁੱਛਦੀ ਆਪਣੇ ਕੋਲੋਂ
ਮੈਂ ਹਾਂ ਇਥੇ ?

ਬਹੁਤ ਦੇਰ ਭਟਕਦੀ ਰਹੀ ਕਵਿਤਾ
ਨਸ਼ਰ ਕਰਦੀ ਰਹੀ ਭੇਤ ਰਿਸ਼ਤਿਆਂ ਦੇ
ਕਦੀ ਲਾਪਤਾ ਸਫ਼ਰ 'ਤੇ ਨਿਕਲ ਤੁਰਦੀ
ਕਦੀ ਪੁਰਖਿਆਂ ਦੇ ਚੇਤਿਆਂ ਸੰਗ ਖਹਿ ਕੇ ਲੰਘਦੀ
ਸੁਆਲਾਂ 'ਚ ਘਿਰੀ ਰਹਿੰਦੀ ਕਵਿਤਾ
ਸਮਿਆਂ ਤੋਂ ਪਾਰ ਲੰਘ ਜਾਂਦੀ
ਕਵੀ ਦਾ ਰੱਖਿਆ ਕਵਚ ਬਣ ਜਾਂਦੀ

ਪਰ ਕਵਿਤਾ ਨਹੀਂ ਜਾਂਦੀ ਕਿਤੇ
ਉਹ ਤਾਂ ਕਵੀਆਂ ਨੂੰ ਅਰਜੋਈ ਕਰਦੀ
ਲੰਬੀ ਛੁੱਟੀ ਦੀ

ਛੁੱਟੀ ਗਿਆ ਬਿਹਾਰੀ ਮਜ਼ਦੂਰ
ਨਹੀਂ ਪਰਤਿਆ ਮਹੀਨੇ ਬਾਅਦ ਵੀ
ਉਹ ਗਿਆ ਹੈ ਆਪਣੇ ਪਿੰਡ
ਉਹ ਗਿਆ ਹੈ ਆਪਣੀ ਕਵਿਤਾ ਕੋਲ
ਉਹ ਗਿਆ ਹੈ ਆਪਣੇ ਸੱਚ ਕੋਲ
ਉਹ ਗਿਆ ਹੈ ਆਪਣੇ ਰਹੱਸ ਕੋਲ
ਹਰ ਕੋਈ ਜਾਣਾ ਚਾਹੁੰਦਾ
ਕਵਿਤਾ ਵੀ ਜਾਣਾ ਚਾਹੁੰਦੀ
ਮੈਂ ਖੇਤਾਂ 'ਚ ਕਿਆਰੀਆਂ 'ਚ
ਗਮਲੇ 'ਚ ਬੀਜੀ ਕਵਿਤਾ
ਤੇ ਉਹ ਉੱਗ ਪਈ

ਤੁਸੀਂ ਪਿਆਰ ਨਾਲ ਬੀਜੋ ਤਾਂ ਸਹੀ
ਕਵਿਤਾ ਜਾਂ ਕਣਕ
ਹਰ ਥਾਂ ਉੱਗ ਪਵੇਗੀ
ਅਜੇ ਲੰਬੀ ਛੁੱਟੀ 'ਤੇ ਜਾਣਾ ਚਾਹੁੰਦੀ ਕਵਿਤਾ